# ਪੰਜਾਬੀ ਨਾਵਲ ਦਾ ਬਿਰਤਾਂਤ-ਸ਼ਾਸਤ੍ਰੀ ਅਧਿਐਨ

(ਚੱਕ ਨੰਬਰ ਛੱਤੀ, ਪੋਸਟ ਮਾਰਟਮ,
ਟਾਪੂ, ਕੌਰਵ ਸਭਾ ਤੇ ਯਾਵੀਨੋ ਦੇ ਵਿਸ਼ੇਸ਼ ਸੰਦਰਭ ਵਿਚ)

# Punjabi Novel Da Birtant-Shastri Adhiyan

(With special reference to Chakk No. Chhati,
Post Mortem, Tapu, Kaurav Sabha and Yavino)

Presented :
*Department of Punjabi,*
*Faculty of Arts,*
*University of Delhi, Delhi*
*for the Degree of Ph.D (Punjabi)*
*2010*

Prof. Kuljit Shellie
*Supervisor*
Department of Punjabi,
Delhi University

Gurpreet Kaur Duggal
*Ph.D Student*
Department of Punjabi,
Delhi University

Department of Punjabi,
Delhi University,
Delhi-110007

**ਡਾ ਗੁਰਪ੍ਰੀਤ ਕੌਰ ਦਾ ਕੌਰਵ ਸਭਾ 'ਤੇ ਖੋਜ ਕਾਰਜ**

ਡਾ ਗੁਰਪ੍ਰੀਤ ਕੌਰ ਵੱਲੋਂ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੀ ਪ੍ਰਸਿੱਧ ਚਿੰਤਕ ਪ੍ਰੋ ਕੁਲਜੀਤ ਸ਼ੈਲੀ ਦੀ ਦੇਖਰੇਖ ਵਿਚ 'ਪੰਜਾਬੀ ਨਾਵਲ ਦਾ ਬਿਰਤਾਂਤ-ਸ਼ਾਸਤ੍ਰੀ ਅਧਿਐਨ' ਵਿਸ਼ੇ 'ਤੇ ਪੀ.ਐਚ.ਡੀ. ਦੀ ਡਿਗਰੀ ਲਈ ਖੋਜ ਕਾਰਜ ਕੀਤਾ ਗਿਆ। ਖੋਜ ਲਈ ਪੰਜ ਨਾਵਲ 'ਚੱਕ ਨੰਬਰ ਛੱਤੀ, ਪੋਸਟ ਮਾਰਟਮ, ਟਾਪੂ, ਕੌਰਵ ਸਭਾ 'ਤੇ ਯਾਵੀਨੋ' ਚੁਣੇ ਗਏ। ਇਹ ਖੋਜ ਕਾਰਜ 2010 ਵਿਚ ਪੂਰਾ ਹੋਇਆ। ਕੌਰਵ ਸਭਾ 'ਤੇ 'ਕੌਰਵ ਸਭਾ: ਬਿਰਤਾਂਤ-ਸ਼ਾਸਤ੍ਰੀ ਪਰਿਪੇਖ' ਵਿਸ਼ੇ' ਉੱਤੇ ਕੰਮ ਹੋਇਆ।

ਅਪ੍ਰੈਲ 2016 ਤੱਕ ਮੈਨੂੰ ਇਸ ਖੋਜ ਕਾਰਜ ਬਾਰੇ ਭਿਣਕ ਤੱਕ ਨਹੀਂ ਸੀ। ਜਦੋਂ ਮੈਂ ਆਪਣੇ 'ਤੇ ਹੋਈ ਖੋਜ ਨੂੰ ਇਕੱਠਾ ਕਰਕੇ ਇੰਟਰਨੈਟ 'ਤੇ ਪਾਉਣ ਦੀ ਯੋਜਨਾ ਬਣਾਈ ਤਾਂ ਖੋਜ ਵਿਦਿਆਰਥੀਆਂ ਨੂੰ ਆਪਣੇ ਖੋਜ ਕਾਰਜ ਭੇਜਣ ਲਈ ਬੇਨਤੀ ਕੀਤੀ। ਇਸੇ ਬੇਨਤੀ 'ਤੇ ਫੁੱਲ ਚੜ੍ਹਾ ਕੇ ਡਾ ਗੁਰਪ੍ਰੀਤ ਕੌਰ ਦੁੱਗਲ ਵੱਲੋਂ ਆਪਣਾ ਖੋਜ ਕਾਰਜ ਭੇਜਿਆ ਗਿਆ ਹੈ। ਉਨ੍ਹਾਂ ਦੇ ਹੀ ਹੱਥੀਂ ਲਿਖਿਆ ਲੇਖ ਆਪ ਜੀ ਨਾਲ ਸਾਂਝਾ ਕਰਨ ਦੀ ਖੁਸ਼ੀ ਲੈ ਰਿਹਾ ਹਾਂ।

-ਮਿੱਤਰ ਸੈਨ ਮੀਤ

## **ਕੌਰਵ ਸਭਾ: ਬਿਰਤਾਂਤ - ਸ਼ਾਸਤ੍ਰੀ ਅਧਿਐਨ**

ਪੰਜਾਬੀ ਗਲਪ-ਖੇਤਰ ਦੇ ਅੰਤਰਗਤ ਮਿੱਤਰ ਸੈਨ ਮੀਤ ਇੱਕ ਸਥਾਪਿਤ ਗਲਪਕਾਰ ਦੇ ਰੂਪ ਵਿਚ ਪਛਾਣਿਆ ਜਾਂਦਾ ਹੈ। ਉਹ ਆਪਣੀਆਂ ਗਲਪੀ-ਰਚਨਾਵਾਂ ਵਿਚ ਪ੍ਰਚਲਿਤ ਵਿਸ਼ਿਆਂ ਅਤੇ ਮੁੱਦਿਆਂ ਨਾਲੋਂ ਨਿਖੇੜਾ ਸਥਾਪਿਤ ਕਰਦਿਆਂ ਅਸਲੋਂ ਨਵੇਂ 'ਤੇ ਵੱਖਰੇ ਮੁੱਦਿਆਂ ਨੂੰ ਆਧਾਰ ਬਣਾਉਂਦਾ ਹੈ। ਉਹ ਨਵੇਂ ਪ੍ਰਯੋਗਾਂ ਰਾਹੀਂ ਗਲਪੀ-ਪਾਠਾਂ ਨੂੰ ਨਵੇਂ ਅਰਥ ਪ੍ਰਦਾਨ ਕਰਦਾ ਹੈ। ਉਸ ਦੇ ਨਾਵਲ ਵਧੇਰੇ ਕਰਕੇ ਨਿਆਂ-ਪ੍ਰਬੰਧ ਨਾਲ ਸੰਬੰਧਿਤ ਹੁੰਦੇ ਹਨ। ਇਸ ਖੇਤਰ ਨਾਲ ਜੁੜੇ ਆਪਣੇ ਅਨੁਭਵਾਂ ਨਾਲ ਉਹ ਸਿਸਟਮ ਅਧੀਨ ਵਿਚਰ ਰਹੀਆਂ ਖਾਮੀਆਂ ਨੂੰ ਗਹਿਰਾਈ ਨਾਲ ਵਾਚਦਿਆਂ ਆਪਣੀ ਕਿਰਤਾਂ ਵਿਚ ਪੇਸ਼ ਕਰਦਾ ਹੈ। ਭਾਰਤੀ ਫ਼ੌਜਦਾਰੀ ਨਿਆਂ-ਪ੍ਰਬੰਧ ਦੀ ਕਠੋਰਤਾ, ਕਰੂਰਤਾ ਅਤੇ ਅਸਾਨਵੀਅਤਾ ਨੂੰ ਪੇਸ਼ ਕਰਨਾ ਅਤੇ ਸਟੇਟ ਦੇ ਭ੍ਰਿਸ਼ਟ ਕਿਰਦਾਰ ਨੂੰ ਨੰਗਾ ਕਰਨਾ ਉਸ ਦੀ ਸਿਰਜਣਕਾਰੀ ਦੇ ਅਮਲ ਦੇ ਕੇਂਦਰ ਵਿਚ ਮੌਜੂਦ ਹਨ। ਇਸ ਕਰਕੇ ਉਸ ਦੀ ਸਮੁੱਚੀ ਰਚਨਾਵਾਂ ਨੂੰ ਇੱਕ ਵਿਸ਼ਾਲ-ਲੜੀ ਵਜੋਂ ਵਾਚਿਆ ਜਾਂ ਘੋਖਿਆ ਜਾ ਸਕਦਾ ਹੈ। ਮਿੱਤਰ ਸੈਨ ਮੀਤ ਨੇ ਨਾਵਲਾਂ ਦੇ ਨਾਲ-ਨਾਲ ਕਹਾਣੀ-ਸਿਰਜਣ ਵਿਚ ਵੀ ਕਲਮ ਆਜ਼ਮਾਈ ਕੀਤੀ ਹੈ। ਪੰਜਾਬੀ ਗਲਪ-ਜਗਤ ਵਿਚ ਹੁਣ ਤੱਕ ਉਸ ਦੇ ਛੇ ਨਾਵਲ ਉਪਲੱਬਧ ਹਨ। ਇਹ ਨਾਵਲ ਕਾਲਕ੍ਰਮ ਅਨੁਸਾਰ **ਅੱਗ ਦੇ ਬੀਜ (1971), ਕਾਫ਼ਲਾ (1986), ਤਫ਼ਤੀਸ਼ (1990), ਕਟਹਿਰਾ (1993), ਕੌਰਵ ਸਭਾ (2003), ਸੁਧਾਰ ਘਰ (2006)** ਹਨ।[1] ਇਨ੍ਹਾਂ ਤੋਂ ਇਲਾਵਾ ਮਿੱਤਰ ਸੈਨ ਮੀਤ ਨੇ **ਪੁਨਰਵਾਸ (1987), ਲਾਮ (1988) 'ਤੇ ਠੋਸ ਸਬੂਤ (1992)** ਆਦਿ ਕਹਾਣੀ-ਸੰਗ੍ਰਹਿ ਵੀ ਸਿਰਜੇ। ਮਿੱਤਰ ਸੈਨ ਮੀਤ ਦੀ ਪੰਜਾਬੀ ਨਾਵਲੀ-ਜਗਤ ਵਿਚ ਪਹਿਚਾਣ ਨੂੰ ਭਾਲਦਿਆਂ ਇੱਥੇ ਅਸੀਂ ਉਸ ਦੇ ਇੱਕ ਨਾਵਲ **ਕੌਰਵ ਸਭਾ** ਨੂੰ ਆਪਣੇ ਅਧਿਐਨ ਦਾ ਵਿਸ਼ਾ ਚੁਣਿਆ ਹੈ। ਨਾਵਲ **'ਕੌਰਵ ਸਭਾ'** ਮਿੱਤਰ ਸੈਨ ਮੀਤ ਦਾ ਪੰਜਵਾਂ ਨਾਵਲ ਹੈ। ਭਾਰਤੀ ਨਿਆਂ-ਪ੍ਰਬੰਧ ਦੇ ਲੁਕਵੇਂ 'ਤੇ ਜਟਿਲ ਯਥਾਰਥ ਨੂੰ ਵਿਸ਼ਲੇਸ਼ਣੀ ਅਤੇ ਵਿਵੇਚਨੀ ਦ੍ਰਿਸ਼ਟੀ ਰਾਹੀਂ ਪੇਸ਼ ਕਰਨ ਨਾਲ ਸੰਬੰਧਿਤ ਹੋਣ ਕਾਰਣ ਇਹ ਨਾਵਲ ਪੰਜਾਬੀ ਨਾਵਲੀ-ਇਤਿਹਾਸ ਵਿਚ ਇੱਕ ਨਿਵੇਕਲੀ 'ਤੇ ਸ਼ਾਹਕਾਰ ਰਚਨਾ ਮੰਨਿਆ ਗਿਆ ਹੈ। ਇਸ ਨਾਵਲ ਨੂੰ ਜਦੋਂ ਅਸੀਂ ਅਧਿਐਨ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਉਪਰੀ ਤੌਰ ''ਤੇ ਇਹ ਦੋ ਪਰਿਵਾਰਾਂ ਦੀ ਜਾਇਦਾਦ ਵੰਡ ਕਾਰਣ ਆਰੰਭ ਹੋਈ ਨਿੱਜੀ ਲੜਾਈ ਨਾਲ ਸੰਬੰਧਿਤ ਲੱਗਦਾ ਹੈ ਪਰ ਜਿਉਂ-ਜਿਉਂ ਅਸੀਂ ਇਸ ਨਾਵਲ ਦੀਆਂ ਅੰਦਰਲੀਆਂ ਪਰਤਾਂ ਨੂੰ ਫਰੋਲਣ ਦਾ ਯਤਨ ਕਰਦੇ ਹਾਂ ਤਾਂ ਨਾਵਲ ਦਾ ਮੁੱਖ ਸਰੋਕਾਰ ਦੇਸ਼ ਦੇ ਨਿਆਂ-ਪ੍ਰਬੰਧ ਨੂੰ ਹੇਠਾਂ ਤੋਂ ਉੱਪਰ ਤੀਕ ਪੜਾਅਵਾਰ ਦ੍ਰਿਸ਼ਟੀਗੋਚਰ ਕਰਦਿਆਂ **ਮਾਰਕਸਵਾਦੀ ਦ੍ਰਿਸ਼ਟੀਕੋਣ** ਤੋਂ ਸਿਸਟਮ ਵਿਚ ਵਿਚਰ ਰਹੀ ਆਮ ਜਨਤਾ ਦੀ ਤਰਸ ਯੋਗ ਸਥਿਤੀ ਨੂੰ ਰੂਪਮਾਨ ਕਰਨ ਨਾਲ ਜਾ ਜੁੜਦਾ ਹੈ। ਬਿਰਤਾਂਤਕਾਰ ਨੇ ਨਾਵਲੀ-ਬਿਰਤਾਂਤ ਨੂੰ ਅਰਥਮਈ ਗਲਪੀ ਰੂਪ ਵਿਚ ਪੇਸ਼ ਕਰਨ ਲਈ **ਬਿਰਤਾਂਤਕ-ਗਤੀ** ਨੂੰ ਮੱਧਮ ਰੱਖਿਆ ਹੈ। ਇਸ ਨਾਵਲ ਵਿਚ **ਘਟਨਾ-ਸਥਲ** ਮਾਇਆ ਨਗਰ (ਲੁਧਿਆਣਾ) ਹੈ। ਇਸ ਨਾਵਲ ਦਾ ਬਿਰਤਾਂਤਕ ਪਾਸਾਰ ਇੱਕ ਸੌ ਸਤਾਰ੍ਹਾਂ ਕਾਂਡਾਂ ਤੀਕ ਫੈਲਿਆ ਹੈ, ਜਿਸ ਨੂੰ ਬਿਰਤਾਂਤਕਾਰ ਨੇ ਤਿੰਨ ਭਾਗਾਂ ਵਿਚ ਵੰਡਿਆ ਹੈ। ਨਾਵਲ ਵਿਚ ਪੇਸ਼ ਕਥਾ-ਕਾਲ ਕਰੀਬ ਦੋ ਸਾਲਾਂ ਤੱਕ ਦਾ ਹੈ ਜਦਕਿ ਇਸ ਵਿਚਲਾ **ਬਿਰਤਾਂਤਕ-ਕਾਲ** ਨਾਵਲ ਦੇ ਵਿਸ਼ੇ ਦਾ ਅਸਿੱਧੇ ਤੌਰ ''ਤੇ ਪੁਰਾਤਨ ਭਾਰਤੀ ਪਰੰਪਰਾ ਦੇ ਉੱਘੇ ਗ੍ਰੰਥ 'ਮਹਾਂਭਾਰਤ' ਨਾਲ ਸੰਬੰਧਿਤ ਹੋਰ ਕਰਕੇ ਇਤਿਹਾਸ-ਮਿਥਿਹਾਸ ਤੀਕ ਫੈਲਦਾ ਹੈ।

ੳ) **ਕੌਰਵ ਸਭਾ: ਬਿਰਤਾਂਤਕ-ਅਭਿਵਿਅੰਜਨਾ**

ਬਿਰਤਾਂਤਕਾਰ ਨਾਵਲ ਦਾ ਆਰੰਭ **ਬਾਹਰ-ਬਿਆਨੀ ਬਾਹਰ ਮੌਜੂਦ ਵਕਾਤੇ** ਦੇ ਰੂਪ ਵਿਚ ਇੱਕ ਸੂਚਨਾ ਪ੍ਰਸਾਰਿਤ ਕਰਦਿਆਂ ਕਰਦਾ ਹੈ। ਇਸ ਸੂਚਨਾ ਦਾ ਸਬੰਧ ਨਾਵਲ ਵਿਚ ਵਾਪਰੀ ਅਹਿਮ ਘਟਨਾ ਨਾਲ ਹੈ। ਬਿਰਤਾਂਤਕਾਰ ਨਾਵਲੀ-ਬਿਰਤਾਂਤ ''ਤੇ ਫੋਕਸ ਕਰਦਾ ਹੈ:

'ਪਾਰਕ ਦਾ ਦੂਜਾ ਚੱਕਰ ਸ਼ੁਰੂ ਕਰਦਿਆਂ ਹੀ ਰਾਮਨਾਥ ਨੂੰ ਘਰੋਂ ਸੁਨੇਹਾ ਆ ਗਿਆ। ਮਾਇਆ ਨਗਰ ਤੋਂ ਫੋਨ ਆਇਆ ਸੀ। ਨੀਲਮ ਭੈਣ ਦੇ ਘਰ ਡਾਕਾ ਪਿਆ ਸੀ। ਸਾਰਾ ਟੱਬਰ ਜ਼ਖ਼ਮੀ ਸੀ। ਸੈਰ ਵਿਚੇ ਛੱਡੋ। ਘਰੇ ਆਓ। ਤੁਰੰਤ ਮਾਇਆ ਨਗਰ ਜਾਣਾ ਸੀ।

> *'ਤੇਜ਼ ਤੁਰਨ ਕਾਰਣ ਰਾਮਨਾਥ ਦਾ ਸਾਹ ਪਹਿਲਾਂ ਹੀ ਚੜ੍ਹਿਆ ਹੋਇਆ ਸੀ। ਡਾਕੇ ਦੀ ਖ਼ਬਰ ਸੁਣ ਕੇ ਦਿਲ ਦੀ ਧੜਕਨ ਵੀ 'ਤੇਜ਼ ਹੋ ਗਈ। ਅੱਖਾਂ ਅੱਗੇ ਭੰਬੂ ਤਾਰੇ ਨੱਚਣ ਲੱਗੇ।*[੨]

ਬਿਰਤਾਂਤਕਾਰ ਵੱਲੋਂ ਪੇਸ਼ ਕੀਤੀ ਗਈ ਇਹ ਸੂਚਨਾ ਉਸ ਘਟਨਾ ਨਾਲ ਸੰਬੰਧਿਤ ਹੈ ਜਿਹੜੀ ਕਿ ਪਾਤਰ ਰਾਮਨਾਥ (ਨਾਵਲ ਦਾ ਇੱਕ ਅਹਿਮ ਪਾਤਰ) ਦੀ ਭੈਣ ਨੀਲਮ ਦੇ ਘਰ ਵਾਪਰਦੀ ਹੈ। ਇਸ ਘਟਨਾ ਨੂੰ ਨਾਵਲੀ-ਬਿਰਤਾਂਤ ਦਾ ਕੇਂਦਰੀ-ਧੁਰਾ ਮੰਨਿਆ ਜਾ ਸਕਦਾ ਹੈ। ਨੀਲਮ ਦਾ ਘਰ ਮਾਇਆ ਨਗਰ ਵਿਚ ਹੈ। ਭੈਣ ਦੇ ਘਰ ਪਏ ਡਾਕੇ ਦੀ ਖ਼ਬਰ ਰਾਮਨਾਥ ਨੂੰ ਚਿੰਤਾਗ੍ਰਸਤ ਕਰ ਦਿੰਦੀ ਹੈ। ਉਸ ਦੀ ਪਰੇਸ਼ਾਨੀ ਦਾ ਕਾਰਣ ਭੈਣ ਦੇ ਪਰਿਵਾਰ ਵਿਚ ਲੰਬੇ ਅਰਸੇ ਤੋਂ ਚੱਲ ਰਿਹਾ ਜਾਇਦਾਦ-ਵੰਡ ਦਾ ਝਗੜਾ ਸੀ। ਰਾਮਨਾਥ ਨੂੰ ਇਹ ਸੰਦੇਹ ਹੁੰਦਾ ਹੈ ਕਿ ਇਸ ਵਾਰਦਾਤ ਪਿੱਛੇ ਜ਼ਰੂਰ ਨੀਲਮ ਦੇ ਜੇਠ ਦੇ ਪਰਿਵਾਰ ਦਾ ਹੀ ਹੱਥ ਹੈ ਤਾਂ ਹੀ ਵਾਰਦਾਤ ਬਾਰੇ ਜਾਣਕਾਰੀ ਉਨ੍ਹਾਂ ਵੱਲੋਂ ਨਾ ਮਿਲ ਕੇ ਨੀਲਮ ਦੇ ਕਿਸੇ ਗੁਆਂਢੀ ਕੋਲੋਂ ਉਨ੍ਹਾਂ ਤੀਕ ਪਹੁੰਚਦੀ ਹੈ। ਇਸ ਦੇ ਨਾਲ ਹੀ ਇਸ ਵਾਰਦਾਤ ਦੇ ਹੋਣ ਤੋਂ ਪਹਿਲਾਂ ਹੀ ਇਸ ਸੰਬੰਧੀ ਚਿਤਾਵਨੀ ਨੀਲਮ ਦੀ ਜਿਠਾਣੀ ਆਪ ਨੀਲਮ ਹੋਰਾਂ ਨੂੰ ਦਿੰਦੀ ਹੈ। ਬਿਰਤਾਂਤਕਾਰ ਨਾਵਲੀ-ਬਿਰਤਾਂਤ ''ਤੇ ਫੋਕਸ ਕਰਦਾ ਹੈ:

> *'ਕਿਸੇ ਹੋਰ ਵੱਲੋਂ ਨਹੀਂ ਅਜਿਹੀ ਵਾਰਦਾਤ ਦੀ ਚਿਤਾਵਨੀ ਖੁਦ ਨੀਲਮ ਦੀ ਜੇਠਾਣੀ ਕੋਲੋਂ ਮਿਲੀ ਸੀ। ਚਾਚੇ ਭਤੀਜਿਆਂ ਵਿਚਕਾਰ ਸੌ ਮਨ ਮੁਟਾਵ ਹੋਇਆ ਹੋਵੇ। ਮਾਇਆ ਦੇਵੀ ਲਈ ਵੇਦ ਅਤੇ ਉਸ ਦਾ ਪਰਿਵਾਰ ਪਹਿਲਾਂ ਵਾਂਗ ਆਪਣਾ ਸੀ। ਮੋਹਨ ਦੇ ਜਿਉਂਦੇ ਹੋਰ ਗੱਲ ਸੀ। ਹੁਣ ਮੁੰਡੇ ਆਪਹੁੱਦਰੇ ਹੋਏ ਫਿਰਦੇ ਸਨ... ਕਦੇ ਉਹ ਆਖਦੇ ਸਨ ਚਾਚੇ ਵੇਦ ਨੂੰ ਆਪਣੇ ਡਉਲਿਆਂ ''ਤੇ ਮਾਣ ਹੈ। ਜਵਾਨੀ ਵਿਚ ਪਹਿਲਵਾਨੀ ਕਰਦੇ ਨੇ ਉਸ ਨੇ ਡਉਲੇ ਬਣਾਏ ਸਨ। ਉਹ ਵੇਦ ਦੇ ਡਉਲਿਆਂ ਦਾ ਚੂਰਮਾ ਬਣਾ ਦੇਣਗੇ। ਨੀਲਮ ਨੂੰ ਆਪਣੀ ਅਕਲ ਉੱਪਰ ਹੰਕਾਰ ਸੀ। ਉਹ ਉਸ ਦੇ ਦਿਮਾਗ ਦੀ ਖੱਖੜੀ-ਖੱਖੜੀ ਕਰ ਦੇਣਗੇ। ਨਿਹਾ ਵਿਚਾਰੀ ਨੇ ਕਦੇ ਕਿਸੇ ਦਾ ਕੁਝ ਨਹੀਂ ਸੀ ਵਿਗਾੜਿਆ। ਉਹ ਆਪਣੀ ਛੋਟੀ ਭੈਣ ਨੂੰ ਭਰੇ ਬਾਜ਼ਾਰ ਨੰਗਾ ਕਰਨ ਦੀ ਸੋਚ ਰਹੇ ਸਨ। ਵੇਦ ਦਾ ਇੱਕੋ ਇੱਕ ਵਾਰਿਸ ਕਮਲ ਉਨ੍ਹਾਂ ਦੀਆਂ ਅੱਖਾਂ ਵਿਚ ਵੱਧ ਰੜਕਦਾ ਸੀ। ਕਦੇ-ਕਦੇ ਉਹ ਉਸ ਦਾ ਕੰਡਾ ਕੱਢਣ ਦੀ ਬਕ-ਬਕ ਕਰਿਆ ਕਰਦੇ ਸਨ।*[੩]

ਰਾਮਨਾਥ ਵਾਰਦਾਤ ਦੀ ਸੂਚਨਾ ਮਿਲਦਿਆਂ ਹੀ ਮਾਇਆ ਨਗਰ ਲਈ ਨਿਕਲ ਪੈਂਦਾ ਹੈ। ਮਾਨਸਿਕ ਤਨਾਓ ਤੋਂ ਗੁਜ਼ਰਦਿਆਂ ਉਸ ਦੇ ਮਨ ਵਿਚ ਕਈ ਤਰ੍ਹਾਂ ਦੇ ਸਵਾਲ ਉੱਠਦੇ ਹਨ। ਉਸ ਨੂੰ ਇਸ ਵਾਰਦਾਤ ਪਿੱਛੇ ਕੋਈ ਗਹਿਰੀ ਸਾਜ਼ਿਸ਼ ਹੋਈ ਨਜ਼ਰ ਆਉਂਦੀ ਹੈ। ਬਿਰਤਾਂਤਕਾਰ ਨਾਵਲੀ-ਬਿਰਤਾਂਤ ਵਿਚ ਰਾਮਨਾਥ ਰਾਹੀਂ **ਸਿਮਰਤੀ ਦੇ ਪ੍ਰਵਾਹ 'ਤੇ ਪਿੱਛਲਝਾਤ ਦੀ ਜੁਗਤ** ਨੂੰ ਵਰਤਦਿਆਂ ਕਥਾ ਵਿਚ ਪ੍ਰਸਤੁਤ ਹੋਏ ਚਾਲ੍ਹੀ-ਪੰਜਾਹ ਸਾਲਾਂ ਦੇ ਇੱਕ ਲੰਬੇ ਸਮੇਂ ਨੂੰ ਇੱਕ ਘੰਟੇ

ਦੇ ਬਿਰਤਾਂਤੀ-ਸਮੇਂ ਵਿਚ ਬੰਨ੍ਹ ਦਿੰਦਾ ਹੈ। ਇਸ ਇੱਕ ਘੰਟੇ ਦੇ ਸਮੇਂ ਵਿਚ ਉਹ ਵੇਦ (ਨੀਲਮ ਦਾ ਪਤੀ) ਦੇ ਵੱਡੇ ਭਰਾ ਮੋਹਨ ਦੇ ਸ਼ਹਿਰ ਜਾ ਕੇ ਪੈਰ ਜਮਾਉਣ, ਧਨ ਕਮਾਉਣ, ਵੇਦ ਨੂੰ ਸ਼ਹਿਰ ਬੁਲਾਉਣ, ਵੱਡੇ ਅਧਿਕਾਰੀਆਂ 'ਤੇ ਰਾਜਸੀ ਨੇਤਾਵਾਂ ਨਾਲ ਸੰਪਰਕ ਬਣਾਉਣ, ਮੋਹਨ ਦੀ ਮੌਤ ਉਪਰੰਤ ਉਸ ਦੇ ਪੁੱਤਰਾਂ ਦਾ ਵੇਦ ਨਾਲ ਜਾਇਦਾਦ-ਵੰਡ ਦਾ ਝਗੜਾ ਆਦਿ ਘਟਨਾਵਾਂ ਨੂੰ **ਸੰਖੇਪਤਾ ਦੀ ਜੁਗਤ** ਰਾਹੀਂ ਪੇਸ਼ ਕਰਦਾ ਹੈ। 'ਇੱਥੇ ਸੰਖੇਪਤਾ ਦੀ ਜੁਗਤ ਤੋਂ ਭਾਵ ਹੈ ਜਦੋਂ ਪ੍ਰਵਚਨ ਦਾ ਸਮਾਂ, ਗਲਪੀ ਸਮੇਂ ਤੋਂ ਸੰਖੇਪ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ।[4] ਵੇਦ ਦਾ ਵੱਡਾ ਭਰਾ ਸ਼ਹਿਰ ਜਾ ਕੇ ਨਵੇਂ 'ਤੇ ਭ੍ਰਿਸ਼ਟ ਢੰਗਾਂ ਨਾਲ ਕਾਰੋਬਾਰ ਦਾ ਵਿਕਾਸ ਕਰਦਾ ਹੈ। ਅਨੈਤਿਕ ਢੰਗ ਨਾਲ ਕੀਤੀ ਗਈ ਕਮਾਈ ਜਦ ਉਸ ਤੋਂ ਇਕੱਲੇ ਸਾਂਭੀ ਨਹੀਂ ਜਾਂਦੀ ਤਾਂ ਉਹ ਵੇਦ ਨੂੰ ਵੀ ਸ਼ਹਿਰ ਬੁਲਾ ਲੈਂਦਾ ਹੈ। ਵੇਦ ਨਾ ਚਾਹੁੰਦੇ ਹੋਏ ਵੀ ਪਤਨੀ ਦੇ ਕਹਿਣ ''ਤੇ ਸ਼ਹਿਰ ਆ ਮੋਹਨ ਦਾ ਕਾਰੋਬਾਰ ਵਿਚ ਹੱਥ ਵਟਾਉਂਦਾ ਹੈ। ਦੋਹਾਂ ਪਰਿਵਾਰਾਂ ਵਿਚਕਾਰ ਪਰਿਵਾਰਕ ਸਾਂਝ ਬਣਨੀ ਸ਼ੁਰੂ ਹੁੰਦੀ ਹੈ ਪਰ ਤਨਾਓ ਉਦੋਂ ਉਤਪੰਨ ਹੁੰਦਾ ਹੈ ਜਦ ਮੋਹਨ ਦਿਲ ਦੀ ਬੀਮਾਰੀ ਕਾਰਣ ਸਾਰਾ ਕਾਰੋਬਾਰ ਆਪਣੇ ਪੁੱਤਰਾਂ ਨੂੰ ਸੌਂਪ ਦਿੰਦਾ ਹੈ। ਕਾਰੋਬਾਰ ਵਿਚ ਘਾਟਾ ਪੈਂਦਾ ਹੈ ਜਿਸ ਕਾਰਣ ਦੋਹਾਂ ਪਰਿਵਾਰਾਂ ਵਿਚ ਤਨਾਓ ਉਪਜਦਾ ਹੈ। ਇਹ ਘਾਟਾ ਦੋਹਾਂ ਪਰਿਵਾਰਾਂ ਵਿਚ ਵੰਡ ਦਾ ਕਾਰਣ ਬਣ ਜਾਂਦਾ ਹੈ। ਨੀਲਮ ਨੂੰ ਲੱਗਦਾ ਹੈ ਕਿ ਉਨ੍ਹਾਂ ਨਾਲ ਧੋਖਾ ਹੋਇਆ ਹੈ। ਉਹ ਬਾਹਰੀ ਲੋਕਾਂ ਦੇ ਕੰਨ ਭਰਦੀ ਹੈ ਜਿਸ ਦੀ ਸੂਹ ਮੋਹਨ ਪਰਿਵਾਰ ਨੂੰ ਲੱਗ ਜਾਂਦੀ ਹੈ। ਕਾਰੋਬਾਰੀ-ਘਾਟਾ 'ਤੇ ਪਰਿਵਾਰਕ ਕਲੇਸ਼ ਕਰਕੇ ਉਪਜੇ ਮਾਨਸਿਕ ਤਨਾਓ ਕਾਰਣ ਮੋਹਨ ਲਾਲ ਦੀ ਮੌਤ ਹੋ ਜਾਂਦੀ ਹੈ। ਮੋਹਨ ਦੇ ਪੁੱਤਰ ਪੰਕਜ 'ਤੇ ਨੀਰਜ ਇਸ ਸਭ ਕਾਸੇ ਦਾ ਕਸੂਰਵਾਰ ਵੇਦ-ਪਰਿਵਾਰ ਨੂੰ ਮਿੱਥਦੇ ਹਨ 'ਤੇ ਬਦਲਾ ਲੈਣ ਬਾਰੇ ਸੋਚਦੇ ਹਨ। ਦੋਹਾਂ ਪਰਿਵਾਰਾਂ ਵਿਚਕਾਰਲੀ ਸਾਂਝ ਹਾਲਾਤਾਂ ਕਰਕੇ ਖਤਮ ਹੋ ਜਾਂਦੀ ਹੈ। ਬਿਰਤਾਂਤਕਾਰ ਨਾਵਲੀ-ਬਿਰਤਾਂਤ ਵਿਚ ਆਏ ਇਸ **ਅਸੰਤੁਲਨ** ਨੂੰ ਇਉਂ ਪੇਸ਼ ਕਰਦਾ ਹੈ:

> *'ਮਿੱਲ ਵਿਚ ਪਏ ਘਾਟੇ, ਲੱਗੀ ਤੁਹਮਤ ਅਤੇ ਬਾਪ ਦੀ ਬੇਵਕਤੀ ਮੌਤ ਨੇ ਦੋਹਾਂ ਭਰਾਵਾਂ ਦੇ ਮਨ ਨੂੰ ਜ਼ਹਿਰ ਨਾਲ ਭਰ ਦਿੱਤਾ। ਸਾਰਾ ਦਿਨ ਉਹ ਇੱਕੋ ਨੁਕ'ਤੇ 'ਤੇ ਸੋਚਦੇ ਰਹਿੰਦੇ। ਵੇਦ-ਪਰਿਵਾਰ ਨੂੰ ਨੀਵਾਂ ਕਿਸ ਤਰ੍ਹਾਂ ਦਿਖਾਇਆ ਜਾਵੇ?*[5]

ਮੋਹਨ ਲਾਲ ਦੀ ਮੌਤ ਹੀ ਨਾਵਲੀ-ਬਿਰਤਾਂਤ ਵਿਚ ਫੈਲੇ ਸਮੁੱਚੇ ਦੁਖਾਂਤ ਦਾ ਕਾਰਣ ਬਣਦੀ ਹੈ। ਦੋਹਾਂ ਪਰਿਵਾਰਾਂ ਵਿਚ ਜਾਇਦਾਦ ਦੀ ਵੰਡ ਹੁੰਦੀ ਹੈ। ਇੱਕ ਪਲਾਟ ਨੂੰ ਲੈ ਕੇ ਦੋਹਾਂ ਪਰਿਵਾਰਾਂ ਵਿਚਕਾਰ ਝਗੜਾ ਆਰੰਭ ਹੁੰਦਾ ਹੈ। ਇਹ ਝਗੜਾ ਅਦਾਲਤ ਤੀਕ ਪਹੁੰਚ ਕਰਦਿਆਂ ਜਾਇਦਾਦ-ਵੰਡ ਨੂੰ ਪਰਿਵਾਰ-ਵੰਡ ਵਿਚ ਤਬਦੀਲ ਕਰ ਦਿੰਦਾ ਹੈ। ਜਾਇਦਾਦ ਦੀ ਇਹ ਵੰਡ ਦੋਹਾਂ ਪਰਿਵਾਰਾਂ ਵਿਚਕਾਰ ਟਕਰਾਓ ਦਾ ਰੂਪ ਧਾਰਨ ਕਰ ਲੈਂਦੀ ਹੈ 'ਤੇ ਅੱਗੇ ਜਾ ਕੇ ਇਹ ਟਕਰਾਓ ਭਿਆਨਕ ਦੁਖਾਂਤ ਦੀ ਸ਼ਕਲ ਅਖ਼ਤਿਆਰ ਕਰ ਲੈਂਦਾ ਹੈ। ਬਿਰਤਾਂਤਕਾਰ ਨਾਵਲੀ-ਬਿਰਤਾਂਤ ਵਿਚ ਰਿਸ਼ਤਿਆਂ ਦੇ ਵਿਗਠਨ ਦੀ ਸਥਿਤੀ ਨੂੰ ਪੂੰਜੀਵਾਦੀ ਪ੍ਰਬੰਧ ਨਾਲ ਜੋੜ ਕੇ ਪੇਸ਼ ਕਰਦਾ ਹੈ। ਉਹ ਅੱਜ ਦੇ ਮਸ਼ੀਨੀਕਰਣ ਯੁੱਗ ਵਿਚ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਦਰਸਾਉਣ ਦਾ ਯਤਨ ਕਰਦਾ ਹੈ। ਕਿ ਕਿਵੇਂ ਪੈਸਾ ਲੋਕਾਂ ਦੀ ਮਨ-ਮਾਨਸਿਕਤਾ ''ਤੇ ਇੰਨਾ ਹਾਵੀ ਹੋ ਗਿਆ ਹੈ ਕਿ ਉਹ ਰਿਸ਼ਤਿਆਂ ਦੀ ਗਰਿਮਾ ਨੂੰ ਲਾਂਘਦਿਆਂ ਅਮਾਨਵੀ ਵਿਵਹਾਰ ਕਰਨ ''ਤੇ ਉਤਾਰੂ ਹੋ ਚੁੱਕੇ ਹਨ। ਰਾਮਨਾਥ ਘਟਨਾ-ਸਥਲ ਪਹੁੰਚਦਾ ਹੈ। ਬਿਰਤਾਂਤਕਾਰ **ਦ੍ਰਿਸ਼-ਵਰਣਨ ਦੀ ਜੁਗਤ** ਨਾਲ ਨਾਵਲੀ-ਬਿਰਤਾਂਤ ''ਤੇ ਫੋਕਸ ਕਰਦਾ ਹੈ:

ਥਾਣੇਦਾਰ ਦੀ ਇਜਾਜ਼ਤ ਦੀ ਕੋਈ ਲੋੜ ਨਹੀਂ ਸੀ। ਸਿਪਾਹੀ ਰਾਮਨਾਥ ਨੂੰ ਅੰਦਰ ਲੈ ਗਿਆ।

ਸੰਗੀਤਾ ਨੂੰ ਬਾਹਰ ਰੋਕ ਦਿੱਤਾ ਗਿਆ। ਅੰਦਰਲਾ ਦ੍ਰਿਸ਼ ਭਿਆਨਕ ਸੀ। ਔਰਤਾਂ ਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ ਸੀ।

> *'ਖ਼ੂਨ ਦੇ ਧੱਬੇ ਕੋਠੀ ਦੇ ਗੇਟ ਤੱਕ ਪਹੁੰਚੇ ਹੋਏ ਸਨ। ਜਿਉਂ-ਜਿਉਂ ਰਾਮਨਾਥ ਅੱਗੇ ਵੱਧ ਰਿਹਾ ਸੀ ਤਿਉਂ ਤਿਉਂ ਧੱਬਿਆਂ ਦੇ ਆਕਾਰ ਅਤੇ ਗਿਣਤੀ ਵੱਧਦੀ ਜਾ ਰਹੀ ਸੀ। ਲਾਬੀ ਵਾਲੇ ਦਰਵਾਜ਼ੇ ਕੋਲ ਖ਼ੂਨ ਇੰਝ ਡੁੱਲਿਆ ਪਿਆ ਸੀ ਜਿਵੇਂ ਕੋਈ ਖ਼ੂਨ ਦੀ ਹੋਲੀ ਖੇਡ ਕੇ ਹਟਿਆ ਹੋਵੇ... ਰਾਮਨਾਥ ਸਭ ਕੁਝ ਚੁਪਚਾਪ ਦੇਖ ਰਿਹਾ ਸੀ। ਉਸ ਦੀਆਂ ਗਿਆਨ-ਇੰਦਰੀਆਂ ਜਿਵੇਂ ਸੁੰਨ ਹੋ ਗਈਆਂ ਸਨ ਜਿਵੇਂ ਉਨ੍ਹਾਂ ਦਾ ਦਿਮਾਗ ਨਾਲੋਂ ਸੰਪਰਕ ਟੁੱਟ ਗਿਆ ਸੀ। ਇਸ ਲਈ ਇੰਨੇ ਭਿਆਨਕ ਦ੍ਰਿਸ਼ ਨੂੰ ਉਹ ਆਸਾਨੀ ਨਾਲ ਦੇਖ ਰਿਹਾ ਸੀ। ਕੋਈ ਪ੍ਰਤੀਕਰਮ ਨਹੀਂ ਸੀ ਹੋ ਰਿਹਾ। ਰਾਮਨਾਥ ਨੂੰ ਆਪਣੇ ਇਸ ਵਰਤਾਰੇ ਦਾ ਅਹਿਸਾਸ ਵੀ ਹੋ ਰਿਹਾ ਸੀ ਪਰ ਪਤਾ ਨਹੀਂ ਫੇਰ ਵੀ ਕਿਉਂ ਉਹ ਪੱਥਰ ਦਾ ਬੁੱਤ ਬਣਿਆ ਖੜ੍ਹਾ ਸੀ।*[6]

ਮਰੀਜ਼ਾਂ ਨੂੰ ਹਸਪਤਾਲ ਵਿਚ ਭਰਤੀ ਕਰਾਇਆ ਜਾਂਦਾ ਹੈ। ਰਾਮਨਾਥ ਜਦ ਸਾਰਿਆਂ ਦੀ ਸੂਹ ਲੈਣ ਹਸਪਤਾਲ ਪੁੱਜਦਾ ਹੈ ਤਾਂ ਇਹ ਦੇਖ ਹੈਰਾਨ ਹੋ ਜਾਂਦਾ ਹੈ ਕਿ ਦੋ ਘੰਟਿਆਂ ਤੋਂ ਦਾਖਲ ਹੋਏ ਮਰੀਜ਼ਾਂ ਦੀ ਦਵਾ-ਦਾਰੂ ਕਰਨ ਲਈ ਕੋਈ ਡਾਕਟਰ ਉੱਥੇ ਹਾਜ਼ਰ ਨਹੀਂ ਹੁੰਦਾ। ਮਰੀਜ਼ ਇਕੱਲੇ ਪਏ ਆਪਣਾ ਦਰਦ ਸਹਿ ਰਹੇ ਹਨ। ਬਿਰਤਾਂਤਕਾਰ ਇੱਥੇ ਮਰੀਜ਼ਾਂ ਦੇ ਹਾਲ ਦੇ ਨਾਲ-ਨਾਲ ਸਰਕਾਰੀ ਹਸਪਤਾਲਾਂ ਵਿਚ ਢਿੱਲੜਤਾ ਨਾਲ ਹੁੰਦੇ ਕੰਮਾਂ ਦੇ ਵਿਸਥਾਰ ਨੂੰ ਪੇਸ਼ ਕਰਦਾ ਹੈ ਜਿਸ ਪਿੱਛੇ ਉਸ ਦਾ ਮਕਸਦ ਯਥਾਰਥਕ ਜੀਵਨ ਵਿਚ ਸਰਕਾਰੀ ਹਸਪਤਾਲਾਂ ਵਿਚ ਡਾਕਟਰਾਂ ਦੀ ਨੌਕਰੀ ਤੋਂ ਕੁਤਾਹੀ ਕਾਰਣ ਵਿਗੜੀ ਹੋਈ ਵਿਵਸਥਾ 'ਤੇ ਇਸ ਵਿਵਸਥਾ ਵਿਚ ਹੁੰਦੀ ਮਰੀਜ਼ਾਂ ਦੀ ਗੱਤ ਨੂੰ ਪੇਸ਼ ਕਰਨਾ ਹੈ। ਬਿਰਤਾਂਤਕਾਰ **ਦ੍ਰਿਸ਼-ਵਰਣਨ ਦੀ ਜੁਗਤ** ਰਾਹੀਂ ਨਾਵਲੀ-ਬਿਰਤਾਂਤ ''ਤੇ ਫੋਕਸ ਕਰਦਾ ਹੈ:

> *'ਵੇਦ ਦੀਆਂ ਦੋਹੇਂ ਬਾਹਾਂ ਅਤੇ ਦੋਹੇਂ ਲੱਤਾਂ ਕਈ-ਕਈ ਥਾਵਾਂ ਤੋਂ ਟੁੱਟੀਆਂ ਹੋਈਆਂ ਸਨ। ਇਕੱਲੇ ਪਲੱਸਤਰ ਨਾਲ ਕੰਮ ਨਹੀਂ ਸੀ ਚੱਲਣਾ। ਰਾਡ ਪਾਉਣੇ ਪੈਣੇ ਸਨ... ਸਰਦਾਰੀ ਲਾਲ ਨੂੰ ਐਕਸ-ਰੇ ਵਾਲੇ ਡਾਕਟਰ ਦੀ ਗ਼ੈਰ ਹਾਜ਼ਰੀ ਦਾ ਕਾਰਣ ਪਤਾ ਲੱਗ ਚੁੱਕਾ ਸੀ। ਇਸ ਡਾਕਟਰ ਦੀ ਦਯਾਨੰਦ ਹਸਪਤਾਲ ਦੇ ਬਾਹਰ ਆਪਣੀ ਐਕਸ-ਰੇ ਕਰਨ ਦੀ ਕਲੀਨਿਕ ਸੀ ਜਿਹੜੀ ਉਸਨੇ ਆਪਣੀ ਪਤਨੀ ਦੇ ਨਾਂ ਖੋਲ੍ਹੀ ਹੋਈ ਸੀ। ਹਸਪਤਾਲ ਉਹ ਘੰਟੇ ਦੋ ਘੰਟੇ ਲਈ ਆਉਂਦਾ ਸੀ। ਬਾਰ੍ਹਾਂ ਇੱਕ ਵਜੇ ਦੇ ਕਰੀਬ ਜਦੋਂ ਸਾਰੇ ਮਰੀਜ਼ ਇਕੱਠੇ ਹੋ ਜਾਂਦੇ ਸਨ ਉਹ ਇੱਕ ਦੋ ਐਕਸ-ਰੇ ਕਰਦਾ ਸੀ ਜਿਸ ਵਿਚ ਫੀਸ ਮਿਲਦੀ ਸੀ। ਬਾਕੀਆਂ ਲਈ ਇਕੋ ਬਹਾਨਾ ਸੀ। ਫਿਲਮਾਂ ਖਤਮ ਸਨ। ਰੋਂਦੇ ਕਰਲਾਂਦੇ ਮਰੀਜ਼ ਵਾਪਸ ਚਲੇ ਜਾਂਦੇ ਸਨ।*[7]

* * *

> *'ਜ਼ਨਾਨਾ ਵਾਰਡ ਭਾਂ-ਭਾਂ ਕਰ ਰਿਹਾ ਸੀ। ਵਾਰਡ ਦੇ ਵੀਹ ਬਿਸਤਰਿਆਂ ਵਿਚੋਂ ਅਠਾਰ੍ਹਾਂ ਖਾਲੀ ਪਏ ਸਨ। ਇੱਕ ਬਿਸਤਰੇ ਉੱਪਰ ਨਿਹਾ ਪਈ ਸੀ ਅਤੇ ਦੂਸਰੇ ਉੱਪਰ ਕੋਈ ਬਿਹਾਰਨ। ਬਿਹਾਰਨ ਦੀ ਦੇਖਭਾਲ ਲਈ ਇੱਕ ਭਈਆ ਬੈਠਾ ਸੀ, ਜਿਸ ਨੇ ਬੀੜੀ ਸੁਲਗਾਈ ਹੋਈ ਸੀ। ਧੂੰਏ ਦੀ ਕੁੜੱਤਣ ਨੇ ਉਨ੍ਹਾਂ ਦਾ ਸਵਾਗਤ ਕੀਤਾ।*[8]

ਉਕਤ ਵੇਰਵਾ ਸਰਕਾਰੀ ਹਸਪਤਾਲਾਂ ਦੀ ਕਾਰਗੁਜ਼ਾਰੀ ਅਤੇ ਇਲਾਜ ਸੰਬੰਧੀ ਸਰਕਾਰੀ ਦਾਅਵਿਆਂ ਦੀ ਪੋਲ੍ਹ ਤਾਂ ਖੋਲਦੇ ਹੀ ਹਨ ਪਰ ਨਾਲ ਹੀ ਇਨ੍ਹਾਂ ਦੀ ਰੱਖ-ਰਖਾਵ 'ਤੇ ਸੰਭਾਲ ਦੀ ਨਿੱਘਰੀ ਹਾਲਤ ਨੂੰ ਵੀ ਬਿਆਨਦੇ ਹਨ। ਹਸਪਤਾਲਾਂ ਵਿਚ ਆਉਣ ਵਾਲੇ ਗਰੀਬ ਲੋਕਾਂ 'ਤੇ ਮਰੀਜ਼ਾਂ ਦਾ ਮੁਆਇਨਾ ਤਾਂ ਬੇਸ਼ੱਕ ਹੋ ਜਾਂਦਾ ਹੈ ਪਰ ਸਹੀ ਇਲਾਜ ਨਹੀਂ।

ਮਾਇਆ ਨਗਰ ਵਿਚ ਹੋਈ ਇਸ ਵਾਰਦਾਤ ਦੀ ਖ਼ਬਰ ਪੂਰੇ ਸ਼ਹਿਰ ਵਿਚ ਫੈਲ ਜਾਂਦੀ ਹੈ। ਬਿਰਤਾਂਤਕਾਰ ਨਾਵਲੀ-ਬਿਰਤਾਂਤ ਨੂੰ ਅੱਗੇ ਵਧਾਉਂਦਿਆਂ ਵੇਦ-ਪਰਿਵਾਰ ਨਾਲ ਵਾਪਰੀ ਇਸ ਘਟਨਾ ਨੂੰ ਉਨ੍ਹਾਂ ਦੇ ਨੌਕਰ ਰਾਹੀਂ ਸੁਲਝਾਉਣਾ ਆਰੰਭ ਕਰਦਾ ਹੈ। ਨੌਕਰ ਮੁਲਜ਼ਮਾਂ ਦਾ ਵੇਰਵਾ ਪੁਲਿਸ ਨੂੰ ਦਿੰਦਾ ਹੈ 'ਤੇ ਦੱਸਦਾ ਹੈ ਕਿ ਕਿਵੇਂ ਉਨ੍ਹਾਂ ਨੇ ਵਾਰਦਾਤ ਨੂੰ ਅੰਜਾਮ ਦਿੱਤਾ ਸੀ...? ਉਹ ਵਾਰਦਾਤ ਕਰਨ ਵਾਲੇ ਗਿਰੋਹ ਦੇ ਇੱਕ ਬੰਦੇ ਨੂੰ ਪਛਾਣਦਾ ਸੀ, ਜੋ ਕਿ ਉਸੀ ਦੇ ਦੇਸ਼ ਦਾ ਇੱਕ ਭਈਆ ਸੀ। ਵੇਦ-ਪਰਿਵਾਰ ਨਾਲ ਘਟੀ ਇਸ ਘਟਨਾ ਦਾ ਸਬੰਧ ਭਈਆਂ ਨਾਲ ਜੋੜ ਕੇ ਬਿਰਤਾਂਤਕਾਰ ਨੇ ਪਾਠਕ ਦਾ ਧਿਆਨ ਯਥਾਰਥਕ ਪੱਧਰ ''ਤੇ ਪੰਜਾਬ ਵਿਚ ਭਈਆਂ ਕਰਕੇ ਵੱਧ ਰਹੇ ਜੁਰਮ ਦੇ ਵਰਤਾਰੇ ਵੱਲ ਕੇਂਦਰਿਤ ਕਰਨ ਦਾ ਯਤਨ ਕੀਤਾ ਹੈ। ਭਈਆ ਮਜ਼ਦੂਰਾਂ ਦੀ ਪੰਜਾਬ ਵਿਚ ਆਮਦ ਨਾਲ ਪੰਜਾਬੀ ਸੱਭਿਆਚਾਰ ਅਤੇ ਸਮਾਜਿਕ ਸੰਰਚਨਾ ਵਿਚ ਕਈ ਤਰ੍ਹਾਂ ਦੀ ਵਿਸੰਗਤੀਆਂ ਨਜ਼ਰ ਆਉਂਦੀਆਂ ਹਨ। ਬਿਰਤਾਂਤਕਾਰ ਨਾਵਲੀ-ਬਿਰਤਾਂਤ ਦੇ ਇਸ ਪੜਾਅ ''ਤੇ ਭਈਆ ਮਜ਼ਦੂਰਾਂ ਦੀ ਜ਼ਿੰਦਗੀ ਦੇ ਕਈ ਲੁਕਵੇਂ 'ਤੇ ਜ਼ਾਹਿਰ ਪੱਖਾਂ ਦੀ ਆਲੋਚਨਾਤਮਕ ਪੇਸ਼ਕਾਰੀ ਕਰਦਾ ਹੈ। ਬਿਰਤਾਂਤਕਾਰ ਪੰਜਾਬ ਵਿਚ ਭਈਆਂ ਕਾਰਣ ਜੁਰਮ ਦੇ ਖੇਤਰ ਵਿਚ ਹੋਏ ਵਾਧੇ ਕਾਰਣ ਚਿੰਤਾਗ੍ਰਸਤ ਪ੍ਰਤੀਤ ਹੁੰਦਾ ਹੈ। ਉਹ ਪੰਜਾਬ ਵਿਚ ਵਿਚਰ ਰਹੀ ਇਸ ਗੰਭੀਰ ਸਮੱਸਿਆ ਨੂੰ ਆਪਣੀ ਸਿਰਜਣਾਤਮਕ ਸ਼ਕਤੀ ਰਾਹੀਂ ਪਾਠਕਾਂ ਅੱਗੇ ਪੇਸ਼ ਕਰਨ ਦਾ ਯਤਨ ਕਰਦਾ ਹੈ:

> *'ਪੱਚੀ ਲੱਖ ਦੀ ਅਬਾਦੀ ਵਾਲੇ ਇਸ ਮਾਇਆ ਨਗਰ ਵਿਚ ਪਰਵਾਸੀਆਂ ਦੀ ਗਿਣਤੀ ਛੇ ਤੋਂ ਸੱਤ ਲੱਖ ਵਿਚਕਾਰ ਅੰਗੀ ਜਾਂਦੀ ਸੀ। ਇਨ੍ਹਾਂ ਵਿਚੋਂ ਪੰਜ ਲੱਖ ਪਰਵਾਸੀ ਇਕੱਲੇ ਬਿਹਾਰ 'ਤੇ ਉੱਤਰ ਪ੍ਰਦੇਸ਼ ਤੋਂ ਆ ਕੇ ਵਸੇ ਸਨ। ਸ਼ਹਿਰ ਦੇ ਬਾਹਰ ਹਰ ਪਾਸੇ ਇਨ੍ਹਾਂ ਪਰਵਾਸੀਆਂ ਦੀਆਂ ਕਲੋਨੀਆਂ ਸਨ... ਲੜਨ ਝਗੜਨ ਅਤੇ ਛੋਟੇ ਮੋਟੇ ਜੁਰਮ ਕਰਨ ਦੀ ਪੈਦਾਇਸ਼ੀ ਆਦਤ ਇੱਧਰ ਆਏ ਭਈਆਂ ਵਿਚ ਵੀ ਸੀ। ਆਏ ਦਿਨ ਪੁਲਿਸ ਉਸ ਦੀ ਕਲੋਨੀ ਵਿਚ ਚੱਕਰ ਮਾਰਦੀ ਸੀ। ਲੈ ਦੇ ਕਰਕੇ ਉਹ ਆਪਣੀ ਕਲੋਨੀ ਦੇ ਬੰਦਿਆਂ ਨੂੰ ਛੁਡਾ ਦਿੰਦਾ। ਪੁਲਿਸ ਉਸ ਦੀ ਕਦਰ ਕਰਨ ਲੱਗੀ। ਪੁਲਿਸ ਉਸ ਦੀ ਸਿਫਾਰਿਸ਼ ''ਤੇ ਫੁੱਲ ਚੜ੍ਹਾਉਣ ਲੱਗੀ।*[੭]

ਪੁਲਿਸ ਉਸ ਭਈਏ ਤੀਕ ਪਹੁੰਚ ਕਰਦੀ ਹੈ। ਖੋਜ-ਪੜਤਾਲ ਤੋਂ ਪੰਕਜ ਹੋਰਾਂ ਦਾ ਮਿਲਣਾ-ਜੁਲਣਾ ਉਸ ਨਾਲ ਸਾਬਿਤ ਹੋ ਜਾਂਦਾ ਹੈ। ਇੱਥੇ ਰਾਮਨਾਥ ਦਾ ਸ਼ੱਕ ਸੱਚ ਵਿਚ ਤਬਦੀਲ ਹੁੰਦਾ ਨਜ਼ਰ ਆਉਂਦਾ ਹੈ। ਪੰਕਜ 'ਤੇ ਨੀਰਜ, ਭਈਏ ਦੇ ਫੜੇ ਜਾਣ ਦੀ ਖ਼ਬਰ ਨਾਲ ਪਰੇਸ਼ਾਨ ਹੋ ਜਾਂਦੇ ਹਨ। ਉਨ੍ਹਾਂ ਦੀ ਪਰੇਸ਼ਾਨੀ ਦੀ ਵਜ੍ਹਾ ਉਹ ਸਾਜਿਸ਼ ਸੀ ਜਿਹੜੀ ਉਨ੍ਹਾਂ ਨੇ ਨਹੀਂ ਰਚੀ ਸੀ। ਉਹ ਤਾਂ ਕੇਵਲ ਚਾਚੇ ਦੇ ਪਰਿਵਾਰ ਨੂੰ ਡਰਾਉਣਾ ਧਮਕਾਉਣਾ ਚਾਹੁੰਦੇ ਸਨ ਪਰ ਜਾਨੋਂ ਮਾਰਨਾ ਤਾਂ ਉਨ੍ਹਾਂ ਨੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ। ਉਹ ਆਪਣੇ ਆਪ ਨੂੰ ਫਸਦੇ ਵੇਖ ਸ਼ਹਿਰ ਦੇ ਦੋ ਵੱਡੇ ਵਕੀਲਾਂ ਨੰਦ ਲਾਲ 'ਤੇ ਸਿੰਗਲਾ ਤੋਂ ਸਲਾਹ ਲੈਂਦੇ ਹਨ। ਨਾਵਲੀ-ਬਿਰਤਾਂਤ ਵਿਚ ਇਹ ਦੋਵੇਂ ਵਕੀਲ **ਵਿਰੋਧੀ ਪਾਤਰਾਂ** ਦੀ ਭੂਮਿਕਾ ਨਿਭਾਉਂਦਿਆਂ ਸਮਾਜ ਵਿਚ ਫੈਲੀ ਭ੍ਰਿਸ਼ਟਤਾ 'ਤੇ ਅਨੈਤਿਕਤਾ ਦੀ ਪ੍ਰਤੀਨਿਧਤਾ ਕਰਦੇ ਹਨ। ਵਕੀਲ ਆਪਣੇ ਬਣਾਏ ਸੰਪਰਕਾਂ ਨੂੰ

ਵਰਤਦਿਆਂ ਕੇਸ ਦੀ ਤਹਿ ਤੱਕ ਪੁੱਜਣ ਦੀ ਕੋਸ਼ਿਸ਼ ਕਰਦੇ ਹਨ। ਦੋਵੇਂ ਭਰਾ ਇਨ੍ਹਾਂ ਵਕੀਲਾਂ ਅੱਗੇ ਸੱਚ ਨੂੰ ਕਬੂਲ ਲੈਂਦੇ ਹਨ।

ਦੋਵੇਂ ਵਕੀਲ ਕੇਸ ਰਫਾ ਦਫਾ ਕਰਨ ਲਈ ਉਨ੍ਹਾਂ ਨੂੰ ਆਪਣੇ-ਆਪਣੇ ਸੁਝਾਅ ਦਿੰਦੇ ਹਨ ਜਿਨ੍ਹਾਂ ਪਿੱਛੇ ਉਨ੍ਹਾਂ ਦਾ ਆਪਣਾ ਨਿੱਜ-ਸਵਾਰਥ ਸੀ। ਕਿਉਂ ਕਿ ਉਹ ਵੀ ਆਪਣੀ ਮੁੱਠੀ ਗਰਮ ਕਰਨਾ ਚਾਹੁੰਦੇ ਸਨ। ਬਿਰਤਾਂਤਕਾਰ ਇਨ੍ਹਾਂ ਦੋਹਾਂ ਪਾਤਰਾਂ ਰਾਹੀਂ ਵਕੀਲੀ ਪੇਸ਼ੇ ਨਾਲ ਜੁੜੇ ਉਨ੍ਹਾਂ ਲੋਕਾਂ ਦਾ ਅਸਲੀ ਰੂਪ ਪਾਠਕਾਂ ਅੱਗੇ ਪੇਸ਼ ਕਰਦਾ ਹੈ ਜਿਹੜੇ ਕਾਨੂੰਨ ਦੀਆਂ ਕਮਜ਼ੋਰੀਆਂ ਨੂੰ ਪੈਸਾ ਕਮਾਉਣ ਦਾ ਜ਼ਰੀਆ ਸਮਝ ਕੇ ਨਿੱਜ-ਸੁਆਰਥ ਦੀ ਪੂਰਤੀ ਕਰਦੇ ਹਨ। ਜਿਹੜੇ ਦਰਸਾਉਂਦੇ ਤਾਂ ਇਹ ਹਨ ਕਿ ਉਹ ਕਾਨੂੰਨ 'ਤੇ ਜਨਤਾ ਦੀ ਸੇਵਾ ਲਈ ਹੀ ਉਪਲੱਬਧ ਹਨ ਪਰ ਅੰਦਰੋਂ ਅੰਦਰੀ ਦੋਹਾਂ ਦੀਆਂ ਜੜ੍ਹਾਂ ਨੂੰ ਖੋਖਲਾ ਕਰਦੇ ਹਨ। ਕਾਨੂੰਨ ਦਾ ਮਖੌਲ ਉਡਾਉਂਦਿਆਂ ਭ੍ਰਿਸ਼ਟਾਚਾਰ ਦੇ ਪੱਧਰ ਨੂੰ ਹੋਰ ਉੱਚਾ ਕਰਦੇ ਹਨ। ਬਿਰਤਾਂਤਕਾਰ ਨਾਵਲੀ-ਬਿਰਤਾਂਤ ਵਿਚ **ਸੰਵਾਦ ਦੀ ਜੁਗਤ** ਰਾਹੀਂ ਵਕੀਲਾਂ ਦੇ ਚਿਹਰੇ ਤੋਂ ਝੂਠਾ ਨਕਾਬ ਉਤਾਰਦਾ ਨਾਵਲੀ-ਬਿਰਤਾਂਤ ''ਤੇ ਫੋਕਸ ਕਰਦਾ ਹੈ:

ਮੁਲਜ਼ਮ ਪਾਰਟੀ ਨੂੰ ਘੰਟਾ ਠਹਿਰ ਕੇ ਬੁਲਾਇਆ ਗਿਆ ਸੀ। ਉਨ੍ਹਾਂ ਨੂੰ ਕਿਸੇ ਹੋਰ ਦਾ ਇੰਤਜ਼ਾਰ ਕਰਨ ਦੀ ਜ਼ਰੂਰਤ ਨਹੀਂ ਸੀ।

ਪਹਿਲਾ ਪੈੱਗ ਸਤਿੰਦਰ ਨੂੰ ਫੜਾਉਂਦੇ ਸਿੰਗਲਾ ਆਪਣੀ ਵਕਾਲਤ ਆਪ ਕਰਨ ਲੱਗਾ। 'ਤੁਸੀਂ ਵਕੀਲ ਲੋਕ ਬੜੇ ਉਸਤਾਦ ਹੁੰਦੇ ਹੋ। ਥੋਡੇ ਇਹ ਗੋਰਖਧੰਦੇ ਮੇਰੇ ਪੱਲੇ ਨਹੀਂ ਪੈਂਦੇ। ਬਾਬਾ ਜਿਵੇਂ ਮਰਜ਼ੀ ਕਰ ਲਈਂ।'

ਸਤਿੰਦਰ ਸਿੰਘ ਨੇ ਦੂਜਾ ਪੈੱਗ ਅੰਦਰ ਸੁੱਟਦਿਆਂ ਆਪਣੇ ਹਥਿਆਰ ਸੁੱਟ ਦਿੱ'ਤੇ।

ਤੂੰ ਦੱਸ ਹਜ਼ਾਰ ਮੰਗੀਂ, ਮੈਂ ਪੰਜ ਆਖੂੰ। ਜਿੱਥੇ ਟਿਕੇ ਟਿਕਾ ਲਵਾਂਗੇ। ਲੱਡੂ ਭੁਰਿਆ ਹੈ। ਸਾਰੇ ਮੂੰਹ ਮਿੱਠਾ ਕਰ ਲਈਏ। ਸੋਨੇ ਦੀ ਮੁਰਗੀ ਹੈ। ਇੱਕ ਇੱਕ ਕਰਕੇ ਆਂਡੇ ਖਾਵਾਂਗੇ। ਅਗਲੀ ਪੇਸ਼ੀ ਹੋਰ ਝਾੜ ਲਵਾਂਗੇ।

*'ਸਿੰਗਲਾ ਸਰਕਾਰੀ ਵਕੀਲ ਦੇ ਨਾਲ ਰਲਣ ਲਈ ਦੂਜਾ ਪੈੱਗ ਬਣਾਉਣ ਲੱਗਾ।'*[10]

ਪੰਕਜ 'ਤੇ ਨੀਰਜ ਆਪਣੇ ਆਪ ਨੂੰ ਬਚਾਉਣ ਖਾਤਰ ਸ਼ਹਿਰ ਦੇ ਵੱਡੇ ਅਧਿਕਾਰੀਆਂ 'ਤੇ ਅਫ਼ਸਰਾਂ ਨਾਲ ਸੰਪਰਕ ਬਣਾਉਂਦੇ ਹਨ ਜਿਹੜੇ ਉਨ੍ਹਾਂ ਦੀ ਸਹਾਇਤਾ ਕਰ ਸਕਦੇ ਸਨ। ਪਰ ਹਰ ਜਗ੍ਹਾ ਤੋਂ ਉਨ੍ਹਾਂ ਨੂੰ ਨਿਰਾਸ਼ਤਾ ਹੀ ਹੱਥ ਲੱਗਦੀ ਹੈ। ਬਿਰਤਾਂਤਕਾਰ ਨਾਵਲੀ-ਬਿਰਤਾਂਤ ਵਿਚ ਅੱਗੇ ਪੰਕਜ 'ਤੇ ਨੀਰਜ ਦੀ ਵੱਡੇ ਅਫ਼ਸਰਾਂ ਨਾਲ ਮੁਲਾਕਾਤਾਂ ''ਤੇ ਉਨ੍ਹਾਂ ਨਾਲ ਹੋਏ ਸੰਵਾਦ ''ਤੇ ਫੋਕਸ ਕਰਦਾ ਹੈ। ਪੰਕਜ ਹੋਰੀਂ ਆਪਣੇ ਸੰਪਰਕਾਂ ਨੂੰ ਵਰਤਦਿਆਂ ਕਪਤਾਨ ਤੀਕ ਪਹੁੰਚ ਕਰਦੇ ਹਨ (ਜਿਹੜਾ ਵੇਦ-ਪਰਿਵਾਰ ਦਾ ਕੇਸ ਵੇਖ ਰਿਹਾ ਹੁੰਦਾ ਹੈ) ਵੇਦ-ਪਰਿਵਾਰ ਵੱਲੋਂ ਪਾਇਆ ਗਿਆ ਕੇਸ ਅਦਾਲਤ ਤੀਕ ਪਹੁੰਚ ਕਰਦਾ ਹੈ। ਉਨ੍ਹਾਂ ਦਾ ਕੇਸ ਸਾਧੂ ਸਿੰਘ (ਜੱਜ) ਦੇ ਹੱਥ ਚਲਾ ਜਾਂਦਾ ਹੈ। ਨਾਵਲ ਦਾ ਇਹ ਪਾਤਰ ਵੇਦ-ਪਰਿਵਾਰ ਲਈ **ਸਹਾਇਕ ਪਾਤਰ** ਦੇ ਰੂਪ ਵਿਚ ਪੇਸ਼ ਹੋਇਆ ਹੈ। ਬਿਰਤਾਂਤਕਾਰ ਅੱਗੇ ਪਾਤਰ ਨਿਹਾ ਦੀ ਮਨੋਸਥਿਤੀ ਨੂੰ ਨਾਵਲੀ-ਬਿਰਤਾਂਤ ਵਿਚ ਪੇਸ਼ ਕਰਦਾ ਹੈ ਜਿਹੜੀ ਆਪਣੇ ਪਰਿਵਾਰ ਨਾਲ ਵਾਪਰੇ ਹਾਦਸੇ 'ਤੇ ਆਪਣੀ ਇੱਜ਼ਤ ਲੁੱਟ ਜਾਣ ਕਾਰਣ ਮਾਨਸਿਕ ਸੰਤਾਪ ਭੋਗ ਰਹੀ ਹੈ। ਬਿਰਤਾਂਤਕਾਰ ਨਾਵਲੀ-ਬਿਰਤਾਂਤ ਵਿਚ ਨਿਹਾ ਦੀ ਮਨੋ-ਅਵਸਥਾ ਨੂੰ ਪੇਸ਼ ਕਰਦੇ ਹੋਏ **ਤਨਾਓਸ਼ੀਲ ਸਥਿਤੀ** ਨੂੰ ਸਿਰਜਦਾ ਹੈ:

ਸਭ ਕੁਝ ਭੁਲਾ ਕੇ ਨਿਹਾ ਨੇ ਧਿਆਨ ਲਾਉਣ ਦਾ ਯਤਨ ਕੀਤਾ।

*'ਅੱਖਾਂ ਬੰਦ ਹੁੰਦਿਆਂ ਹੀ ਵਿਨਾਸ਼ ਦਾ ਉਹੋ ਮਹਾ-ਦ੍ਰਿਸ਼ ਨਿਹਾ ਅੱਗੇ ਸੁਰਜੀਤ ਹੋਣ ਲੱਗਾ। ਇੱਕ ਰਾਕਸ਼ਸ਼ ਉਸ ਦਾ ਚੀਰ ਹਰਣ ਕਰ ਰਿਹਾ ਸੀ। ਦੂਸਰਾ ਕਮਲ ਨੂੰ ਕੋਹ ਕੋਹ ਮਾਰ ਰਿਹਾ ਸੀ। ਤੀਸਰਾ ਉਸ ਦੀ ਮਾਂ ਨੂੰ ਘੜੀਸ ਰਿਹਾ ਸੀ ਅਤੇ ਚੌਥਾ ਉਸ ਦੇ ਬਾਪ ਦਾ ਘਾਣ ਕਰ ਰਿਹਾ ਸੀ। ਚਾਰੇ ਪਾਸੇ ਲਹੂ ਸੀ, ਬਰਬਾਦੀ ਸੀ ਅਤੇ ਚੀਖ ਚਿਹਾੜਾ ਸੀ। ਹੰਝੂ ਭਰੀਆਂ ਅੱਖਾਂ ਨੂੰ ਨਿਹਾ ਨੇ ਝੱਟ ਖੋਲ੍ਹ ਲਿਆ।*[11]

ਨਿਹਾ ਆਤਮ-ਗਿਲਾਨੀ 'ਤੇ ਆਕ੍ਰੋਸ਼ ਦੇ ਮਿਲੇ-ਜੁਲੇ ਪ੍ਰਤੀਕਰਮਾਂ ਨਾਲ ਕਦੀ ਮਰਨ 'ਤੇ ਕਦੀ ਜਿਊਣ ਦੀ ਦੁਬਿੱਧਾ ਵਿਚ ਫਸ ਜਾਂਦੀ ਹੈ। ਨਾਵਲੀ-ਕਥਾ ਵਿਚ ਨਿਹਾ ਨਾਲ ਹੋਇਆ ਅੱਤਿਆਚਾਰ ਸਹਿਜੇ ਹੀ ਮਹਾਂਭਾਰਤ ਵਿਚਲੇ ਹੋਏ ਕੌਰਵ ਸਭਾ ਦਾ ਦ੍ਰਿਸ਼ ਪਾਠਕਾਂ ਦੀਆਂ ਅੱਖਾਂ ਅੱਗੇ ਲੈ ਆਉਂਦਾ ਹੈ। ਉਸ ਨਾਲ ਹੋਏ ਅੱਤਿਆਚਾਰ ਦਾ ਸਬੰਧ ਦ੍ਰੋਪਦੀ ਦੇ ਚੀਰ ਹਰਨ ਨਾਲ ਜਾ ਜੁੜਦਾ ਹੈ। ਪਰ ਇੱਥੇ ਨਿਹਾ ਦੀ ਸਥਿਤੀ ਇੱਜ਼ਤ ਲੁੱਟ ਜਾਣ ਕਰਕੇ ਦ੍ਰੋਪਦੀ ਨਾਲੋਂ ਵਧੇਰੇ ਤਰਸਯੋਗ ਹੋ ਨਿਬੜਦੀ ਹੈ। ਉਹ ਆਤਮ ਹੱਤਿਆ ਕਰਨਾ ਲੋਚਦੀ ਹੈ ਪਰ ਇਹ ਸੋਚ ਇਰਾਦਾ ਤਿਆਗ ਦਿੰਦੀ ਹੈ ਕਿ ਜੇਕਰ ਉਹ ਮਰ ਗਈ ਤਾਂ ਉਸ ਦੇ ਪਰਿਵਾਰ ਨੂੰ ਇਨਸਾਫ਼ ਕੌਣ ਦਿਲਵਾਏਗਾ...? ਦੂਜੇ ਪਾਸੇ ਪੰਕਜ ਹੋਰੀਂ ਪੈਸਿਆਂ ਦੇ ਦਮ ''ਤੇ ਉਸ ਹਰ ਸ਼ਖਸ ਨੂੰ ਆਪਣੇ ਨਾਲ ਰਲਾਈ ਜਾ ਰਹੇ ਹਨ ਜਿਹੜੇ ਉਨ੍ਹਾਂ ਨੂੰ ਉਪਜੀ ਇਸ ਤਨਾਓਸ਼ੀਲ ਸਥਿਤੀ ਤੋਂ ਬਾਹਰ ਕੱਢ ਸਕਦੇ ਹਨ। ਪਰ ਸਥਿਤੀ ਉਦੋਂ ਹੋਰ ਵੀ ਜਟਿਲ ਹੋਣੀ ਆਰੰਭ ਹੋ ਜਾਂਦੀ ਹੈ ਜਦੋਂ ਉਨ੍ਹਾਂ ਦੇ ਸਰਕਾਰੀ ਵਕੀਲਾਂ 'ਤੇ ਹੋਰ ਅਫ਼ਸਰਾਂ ਨਾਲ ਮਿਲਣ ਦੀਆਂ ਖ਼ਬਰਾਂ ਅਖ਼ਬਾਰਾਂ 'ਚ ਛਪ ਜਾਂਦੀਆਂ ਹਨ। ਪੇਸ਼ਗੀ ਜ਼ਮਾਨਤ ਲੈਣ ਦੀਆਂ ਕੋਸ਼ਿਸ਼ਾਂ ਨਾਕਾਮ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸ ਉਪਰੰਤ ਉਹ ਸਿਆਸੀ ਚਾਲਾਂ ਦਾ ਵੀ ਸ਼ਿਕਾਰ ਹੋ ਜਾਂਦੇ ਹਨ। ਕਿਸੇ ਇੱਕ ਸਿਆਸੀ ਬੰਦੇ (ਵਿਧਾਇਕ ਬਘੇਲ ਸਿੰਘ) ਨੂੰ ਨਾਖੁਸ਼ ਕਰ ਉਹ ਆਪਣੇ ਸਿਰ ਮੁਸੀਬਤ ਲੈ ਲੈਂਦੇ ਹਨ। ਪੰਕਜ 'ਤੇ ਨੀਰਜ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ। ਗ੍ਰਿਫ਼ਤਾਰੀ ਕਾਰਣ ਦੋਵੇਂ ਭਰਾ ਘਬਰਾ ਜਾਂਦੇ ਹਨ 'ਤੇ ਬੀਮਾਰ ਪੈ ਜਾਂਦੇ ਹਨ। ਦੋਹਾਂ ਨੂੰ ਹਸਪਤਾਲ ਭਰਤੀ ਕਰਾਇਆ ਜਾਂਦਾ ਹੈ। ਡਾਕਟਰ ਉਨ੍ਹਾਂ ਦੀ ਹਾਲਤ ਚਿੰਤਾਗ੍ਰਸਤ ਦੱਸਦੇ ਹਨ। ਪਰ ਇਹ ਤਾਂ ਉਨ੍ਹਾਂ ਦੀ ਸੋਚੀ ਸਮਝੀ ਇੱਕ ਸਕੀਮ ਹੁੰਦੀ ਹੈ। ਜੇਲ੍ਹ ਵਿਚ ਸਮਾਂ ਕੱਟਣ ਤੋਂ ਵਧੀਆ ਉਹ ਹਸਪਤਾਲ ਰਹਿਣਾ ਪਸੰਦ ਕਰਦੇ ਹਨ। ਹਸਪਤਾਲ ਵਿਚ ਉਨ੍ਹਾਂ ''ਤੇ ਲੱਗੀਆਂ ਬੰਦਸ਼ਾਂ ਦਿਨੋ-ਦਿਨ ਘੱਟਣੀਆਂ ਸ਼ੁਰੂ ਹੋ ਜਾਂਦੀਆਂ ਹਨ। ਬਿਰਤਾਂਤਕਾਰ ਨਾਵਲੀ-ਬਿਰਤਾਂਤ ਵਿਚ **ਦ੍ਰਿਸ਼-ਵਰਣਨ ਦੀ ਜੁਗਤ** ਨੂੰ ਪੇਸ਼ ਕਰਦਾ ਹੈ:

ਦਿਨੋ ਦਿਨ ਬਾਕੀ ਬੰਦਸ਼ਾਂ ਵੀ ਘਟਦੀਆਂ ਗਈਆਂ।

ਪਹਿਲਾਂ ਦੋਸ਼ੀਆਂ ਨੂੰ ਮੋਬਾਇਲ ਫੋਨ ਕੋਲ ਰੱਖਣ ਦੀ ਇਜਾਜ਼ਤ ਮਿਲੀ। ਉਨ੍ਹਾਂ ਦੇ ਕਮਰਿਆਂ ਵਿਚ ਫੋਨ ਤਾਂ ਸੀ ਪਰ ਉਨ੍ਹਾਂ ਦੀ ਵਰਤੋਂ ਵਿਚ ਦਿੱਕਤ ਮਹਿਸੂਸ ਹੋ ਰਹੀ ਸੀ। ਵਿਉਪਾਰ ਦੇ ਸਬੰਧ ਵਿਚ ਉਨ੍ਹਾਂ ਨੂੰ ਹਜ਼ਾਰਾਂ ਫੋਨ ਆਉਂਦੇ ਸਨ... ਇੱਕ ਕਮਰੇ ਨੂੰ ਉਨ੍ਹਾਂ ਨੇ ਦਫ਼ਤਰ ਵਿਚ ਤਬਦੀਲ ਕਰ ਲਿਆ। ਦੋਹਾਂ ਕਮਰਿਆਂ ਦੀਆਂ ਕੁਰਸੀਆਂ ਅਤੇ ਮੇਜ਼ ਇਸ ਕਮਰੇ ਵਿਚ ਕਰ ਲਏ ਗਏ। ਇਸ ਕਮਰੇ ਦਾ ਬੈੱਡ ਦੂਜੇ ਕਮਰੇ ਵਿਚ ਲੈ ਗਏ। ਮੈਨੇਜਰ, ਮੁਨੀਮ ਅਤੇ ਹੋਰ ਕਰਿੰਦੇ ਇਸ ਕਮਰੇ ਵਿਚ ਬੈਠਣ ਲੱਗੇ।

*'ਵਿਉਪਾਰੀ ਕਾਰੋਬਾਰ ਕਰਨ ਲਈ ਫੈਕਟਰੀ ਦੀ ਥਾਂ ਹਸਪਤਾਲ ਆਉਣ ਲੱਗੇ। ਵਪਾਰ ਮੁੜ ਪਹਿਲਾਂ ਵਾਂਗ ਚਮਕਣ ਲੱਗਾ।*[12]

ਪੰਕਜ ਹੋਰਾਂ ਦੀ ਜ਼ਮਾਨਤ ਕਰਵਾਉਣ ਦੀ ਸਮੱਸਿਆ ਨੂੰ ਹੱਲ ਕਰਨ ਲਈ ਵਕੀਲ ਉਨ੍ਹਾਂ ਨੂੰ ਵਾਰਦਾਤ ਕਰਨ ਵਾਲੇ ਭਈਆਂ ਦੀ ਜ਼ਮਾਨਤ ਕਰਵਾਉਣ ਦੀ ਸਲਾਹ ਦਿੰਦੇ ਹਨ। ਉਨ੍ਹਾਂ ਵਿਚਲੇ ਇੱਕ ਭਈਏ ਦੀ ਜ਼ਮਾਨਤ ਹੋ ਜਾਣਾ

ਰਾਮਨਾਥ ਦੇ ਜ਼ਖ਼ਮਾਂ ''ਤੇ ਨਮਕ ਦਾ ਕੰਮ ਕਰਦਾ ਹੈ। ਰਾਮਨਾਥ ਇੱਕ ਸਮਾਜ ਸੇਵੀ ਸੰਸਥਾ (ਵਿਕਟਮ ਵੈਲਫੇਅਰ ਸੋਸਾਇਟੀ) ਦੀ ਸਹਾਇਤਾ ਲੈਂਦਾ ਹੈ ਤਾਂ ਕਿ ਮੁਲਜ਼ਮਾਂ ਨੂੰ ਪੈਸੇ ਦੇ ਦਮ ''ਤੇ ਕੀਤੀ ਜਾਣ ਵਾਲੀ ਮਨਮਰਜ਼ੀ ਤੋਂ ਰੋਕਿਆ ਜਾ ਸਕੇ। ਵੇਦ-ਪਰਿਵਾਰ ਵਾਪਸ ਆਪਣੇ ਘਰ ਪਰਤ ਆਉਂਦਾ ਹੈ। ਨਾਵਲੀ-ਬਿਰਤਾਂਤ ਦੇ ਇਸ ਪੜਾਅ ''ਤੇ ਨਿਹਾ ਜਿੱਥੇ ਮਾਨਸਿਕ ਸੰਤਾਪ ਨੂੰ ਭੋਗਦੀ ਨਜ਼ਰ ਆਉਂਦੀ ਹੈ ਉੱਥੇ ਵੇਦ 'ਤੇ ਨੀਲਮ ਸਰੀਰਕ ਕਸ਼ਟ ਭੋਗਦੇ ਨਜ਼ਰ ਆਉਂਦੇ ਹਨ। ਹੌਲੇ ਹੌਲੇ ਉਨ੍ਹਾਂ ਦੇ ਹਾਲਾਤ ਸੁੱਧਰਨ ਲੱਗ ਪੈਂਦੇ ਹਨ। ਪਰ ਬਿਰਤਾਂਤਕਾਰ ਨਾਵਲੀ-ਬਿਰਤਾਂਤ ਵਿਚ ਤਨਾਓ ਦੀ ਸਥਿਤੀ ਨੂੰ ਕਾਇਮ ਰੱਖਦਿਆਂ **ਅਸੰਤੁਲਨ** ਸਿਰਜਦਾ ਹੈ। ਪੰਕਜ 'ਤੇ ਨੀਰਜ ਨੂੰ ਜ਼ਮਾਨਤ ਮਿਲ ਜਾਂਦੀ ਹੈ। ਉਨ੍ਹਾਂ ਦੇ ਡਰ ਤੋਂ ਵੇਦ-ਪਰਿਵਾਰ ਸ਼ਹਿਰ ਬਦਲ ਲੈਂਦਾ ਹੈ। ਬਿਰਤਾਂਤਕਾਰ ਅੱਗੇ **ਮਠਾਰਨ ਦੀ ਵਿਧੀ** ਰਾਹੀਂ ਕੇਸ ਨਾਲ ਜੁੜੀ ਗਤੀਵਿਧੀਆਂ ''ਤੇ ਫੋਕਸ ਕਰਦਾ ਹੈ ਅਤੇ ਸੱਤਾ 'ਤੇ ਰਾਜਨੀਤੀ ਨੂੰ ਪਾਠਕਾਂ ਸਾਹਮਣੇ ਲਿਆਉਂਦਾ ਹੈ। ਬਿਰਤਾਂਤਕਾਰ ਨਾਵਲੀ-ਬਿਰਤਾਂਤ ਵਿਚ ਇੱਥੇ **ਗੈਰ-ਬਿਰਤਾਂਤਕ ਟਿੱਪਣੀ** ਦੀ ਵਰਤੋਂ ਕਰਦਾ ਹੈ:

> *'ਪੀ.ਪੀ. ਸਾਹਿਬ ਨੂੰ ਪਹਿਲਾਂ ਢਾਬੇ ਲਿਜਾਈਂ। ਜਦੋਂ ਉਹ ਚਾਰ ਪੈੱਗ ਲਾ ਲਏ ਤਾਂ ਪੰਜ ਪੰਜ ਸੌ ਦੇ ਦੋ ਨੋਟ ਉਸ ਦੇ ਬੋਝੇ ਪਾਈਂ। ਤੂੰ ਆਪ ਨਾ ਬੈਠ ਜਾਈਂ। ਜਦੋਂ ਤੱਕ ਉਹ ਸ਼ਰਾਬੀ ਹੋਏ ਤਾਂ ਉਸ ਵੱਲੋਂ ਮੀਮੋ ਲਿਖ ਲਈ। ਨੋਟ ਦੇਣ ਸਾਰ ਮੀਮੋ ''ਤੇ ਦਸਤਖ਼ਤ ਕਰਵਾ ਲਈਂ... ਪਰ ਜਨਾਬ ਉਪ ਜਿਲ੍ਹਾ ਅਟਾਰਨੀ ਦਾ ਕੀ ਕਰੋਗੇ? ਉਸ ਨੂੰ ਮੁਦਈ ਧਿਰ ਮਿਲ ਕੇ ਗਈ ਹੈ। ਉਸ ਦੇ ਕਈ ਫੋਨ ਆ ਚੁੱਕੇ ਹਨ। ਪੁੱਛਦਾ ਹੈ ਚਲਾਨ ਤਿਆਰ ਕੀਤਾ ਕਿ ਨਹੀਂ? ਉਸ ਨੇ ਆਸਾਨੀ ਨਾਲ ਚਲਾਨ ਪਾਸ ਨਹੀਂ ਕਰਨਾ... ਉਸ ਕੋਲ ਤੁਸੀਂ ਜਾਣਾ।'*[13]

ਵੇਦ-ਪਰਿਵਾਰ ਦੀ ਸਹਾਇਤਾ ਇੱਕ ਸਮਾਜ-ਸੇਵੀ ਸੰਸਥਾ ਕਰਦੀ ਹੈ। ਨਿਹਾ ਨੂੰ ਰਾਮਨਾਥ 'ਤੇ ਸੋਸਾਇਟੀ ਦੇ ਵਕੀਲ ਕੇਸ ਲਈ ਮਾਨਸਿਕ ਪੱਧਰ ''ਤੇ ਤਿਆਰ ਕਰਦੇ ਹਨ ਤਾਂ ਕਿ ਮੁਲਜ਼ਮਾਂ ਨੂੰ ਠੋਸ ਸਬੂਤਾਂ ਦੇ ਅਧਾਰ 'ਤੇ ਸਜ਼ਾ ਮਿਲ ਸਕੇ। ਉਸ ਨੂੰ ਇੱਕ ਨਵਾਂ ਬਿਆਨ ਯਾਦ ਕਰਨ ਲਈ ਕਿਹਾ ਜਾਂਦਾ ਹੈ। ਨਿਹਾ ਵੱਲੋਂ ਅਜਿਹਾ ਕਾਰਜ ਕਰਵਾਉਣ ਪਿੱਛੇ ਬਿਰਤਾਂਤਕਾਰ ਦਾ ਮਕਸਦ ਸਾਡੇ ਸਮਾਜ ਵਿਚ ਕਾਰਜਸ਼ੀਲ ਸਿਸਟਮ ਨੂੰ ਚਲਾਉਣ ਵਾਲੇ ਕਾਨੂੰਨ ਵਿਚਲੀਆਂ ਖਾਮੀਆਂ ਨੂੰ ਉਭਾਰਨਾ ਹੈ। ਇਹ ਉਹ ਖਾਮੀਆਂ ਹਨ ਜਿਹੜੀਆਂ ਨਿਰਦੋਸ਼ ਜਾਂ ਮੁਦਈ ਧਿਰ ਨੂੰ ਨਿਆਂ ਦੇਣ ਦੀ ਥਾਵੇਂ ਦੋਸ਼ੀਆਂ ਦੇ ਹੱਕ ਵਿਚ ਭੁਗਤ ਜਾਂਦੀਆਂ ਹਨ। ਬਿਰਤਾਂਤਕਾਰ ਰਾਮਨਾਥ 'ਤੇ ਨਿਹਾ ਵਿਚਕਾਰ ਹੁੰਦੇ **ਸੰਵਾਦ** ਰਾਹੀਂ ਕਾਨੂੰਨੀ ਢਾਂਚੇ ਅੰਦਰ ਲੁਕੀਆਂ ਹੋਈਆਂ ਖਾਮੀਆਂ ਦੀ ਤਰਫ਼ ਪਾਠਕਾਂ ਦਾ ਧਿਆਨ ਦਿਲਵਾਉਂਦਿਆਂ ਚੇਤੰਨ ਕਰਨ ਦਾ ਯਤਨ ਕਰਦਾ ਹੈ:

> 'ਹੁਣ ਮੈਂ ਸੱਚ ਬੋਲਾਂ ਕਿ ਝੂਠ?'
>
> *'ਮੈਂ ਕੀ ਦੱਸਾਂ! ਕਾਨੂੰਨ ਸਾਨੂੰ ਨਾ ਸੱਚ ਬੋਲਣ ਦਿੰਦੈ ਨਾ ਝੂਠ। ਸੱਚ ਬੋਲਾਂਗੇ ਤਾਂ ਤੱਥਾਂ ਨੇ ਕਾਨੂੰਨ ਦੁਆਰਾ ਘੜੀ ਜੁਰਮ ਦੀ ਪਰਿਭਾਸ਼ਾ ਵਿਚ ਫਿਟ ਨਹੀਂ ਬੈਠਣਾ। ਦੋਸ਼ੀ ਬਰੀ ਹੋ ਜਾਣਗੇ। ਇੱਕ ਝੂਠ ਬੋਲਿਆ ਤਾਂ ਉਸ ਨੂੰ ਛਿਪਾਉਣ ਲਈ ਸੌ ਝੂਠ ਹੋਰ ਬੋਲਣੇ ਪੈਣਗੇ। ਝੂਠ ਫੜਿਆ ਜਾਵੇਗਾ। ਸਾਡੀ ਕਹਾਣੀ ਸ਼ੱਕੀ ਕਹਿਲਾਏਗੀ। ਫਾਇਦਾ ਫੇਰ ਦੋਸ਼ੀਆਂ ਨੂੰ ਪੁੱਜੇਗਾ।'*[14]

ਨਿਹਾ ਅਜਿਹੀ ਸਥਿਤੀ ਵਿਚ ਤਨਾਓਗ੍ਰਸਤ ਮਹਿਸੂਸ ਕਰਦੀ ਹੈ। ਉਸ ਨੂੰ ਜੜੋਂ ਖੋਖਲੇ ਇਸ ਕਾਨੂੰਨ ''ਤੇ ਖਿੱਝ ਆਉਂਦੀ ਹੈ। ਨਾਵਲ ਵਿਚ ਕਈ ਕਈ ਥਾਵੇਂ ਉਹ ਲਗਾਤਾਰ ਕਟਾਖਸ਼ ਕਰਦੀ ਨਜ਼ਰ ਆਉਂਦੀ ਹੈ। ਇਨੀਂ ਦਿਨੀਂ ਰਾਮਨਾਥ

ਇੱਕ ਕੇਸ ਵਿਚ ਰੁੱਝਿਆ ਹੁੰਦਾ ਹੈ। ਜਿਹੜਾ ਬਲਾਤਕਾਰ ਦੀ ਘਟਨਾ ਨਾਲ ਸੰਬੰਧਿਤ ਹੁੰਦਾ ਹੈ। ਬਿਰਤਾਂਤਕਾਰ ਇਸ ਕੇਸ ਨੂੰ ਨਾਵਲ ਦੀ ਮੁੱਖ ਕਥਾ ਵਿਚ ਇੱਕ **ਗਰਭਿਤ-ਪਾਠ** ਵਜੋਂ ਪੇਸ਼ ਕਰਦਾ ਹੈ। 'ਗਰਭਿਤ ਪਾਠ ਦਾ ਸਬੰਧ ਪਾਤਰ-ਏਜੈਂਟ ਵੱਲੋਂ ਪ੍ਰਸਤੁਤ ਪਾਠ ਨਾਲ ਹੈ। ਇਹ ਅਜਿਹੀ ਸਥਿਤੀ ਹੈ ਜਿਸ ਵਿਚ ਪਾਤਰ ਬਿਰਤਾਂਤਕਾਰ ਦੀ ਭੂਮਿਕਾ ਨਿਭਾਉਂਦਾ ਹੈ। ਉਸ ਹਾਲਤ ਵਿਚ ਬਿਰਤਾਂਤਕਾਰ ਦਾ ਪਾਠ ਅਤੇ ਪਾਤਰ-ਏਜੈਂਟ ਦਾ ਪਾਠ ਆਪਸ ਵਿਚ ਰਲ ਜਾਂਦੇ ਹਨ ਜਿਨ੍ਹਾਂ ਨੂੰ ਨਿਖੇੜਨਾ ਕਠਿਨ ਹੋ ਜਾਂਦਾ ਹੈ। ਬਿਰਤਾਂਤਕਾਰ ਦਾ ਪਾਠ ਅਜਿਹੀ ਸੂਰਤ ਵਿਚ ਮੁੱਖ ਪਾਠ 'ਤੇ ਪਾਤਰ-ਏਜੈਂਟ ਦਾ ਪਾਠ ਗਰਭਿਤ ਪਾਠ ਦਾ ਦਰਜਾ ਲੈ ਲੈਂਦਾ ਹੈ।'[15] ਬਿਰਤਾਂਤਕਾਰ ਨਾਵਲੀ-ਬਿਰਤਾਂਤ ''ਤੇ ਫੋਕਸ ਕਰਦਾ ਹੈ:

ਨਿਹਾ ਨੂੰ ਬਲਾਤਕਾਰ ਨਾਲ ਸੰਬੰਧਿਤ ਮੁਕੱਦਮਾ ਪੜ੍ਹਨਾ ਚੰਗਾ ਲੱਗਦਾ ਸੀ। ਮਾਮੇ ਨੂੰ ਕੇਸ ਵਿਚ ਖੁੱਭਿਆ ਦੇਖ ਕੇ ਨਿਹਾ ਕੇਸ ਦੇ ਤੱਥ ਜਾਨਣ ਲਈ ਉਤਾਵਲੀ ਹੋਣ ਲੱਗਦੀ। ਇੱਕ ਰਾਤ ਉਸ ਨੇ ਮਿਸਲ ਚੁੱਕੀ ਅਤੇ ਪੜ੍ਹਨੀ ਸ਼ੁਰੂ ਕਰ ਦਿੱਤੀ।

ਖੇਤਾਂ ਵਿਚ ਕੱਖ ਚੁਗਣ ਗਈ ਛਿੰਦੋ ਨਾਲ ਹਰਬੰਸ ਨੇ ਜਬਰੀ ਮੂੰਹ ਕਾਲਾ ਕੀਤਾ ਸੀ। ਕੁੜੀ ਕੰਮੀਆਂ ਦੀ ਸੀ ਅਤੇ ਮੁੰਡਾ ਜ਼ਿੰਮੀਦਾਰਾਂ ਦਾ। ਪਿੰਡ ਵਿਚ ਵਾਪਰੀ ਇਹ ਕੋਈ ਪਹਿਲੀ ਘਟਨਾ ਨਹੀਂ ਸੀ। ਮੁੱਢ ਕਦੀਮ ਤੋਂ ਇਸੇ ਤਰ੍ਹਾਂ ਹੁੰਦਾ ਆਇਆ ਸੀ। ਜ਼ਮੀਨਾਂ ਵਾਂਗ ਕੰਮੀਆਂ ਦੀਆਂ ਨੂੰਹਾਂ ਧੀਆਂ ਨੂੰ ਜ਼ਿੰਮੀਂਦਾਰ ਆਪਣੀ ਮਲਕੀਅਤ ਸਮਝਦੇ ਆ ਰਹੇ ਸਨ। ਉਹ ਜਦੋਂ ਚਾਹੁਣ ਉਨ੍ਹਾਂ ਨੂੰ ਵਰਤ ਸਕਦੇ ਸਨ... ਫੇਰ ਮਾਮੇ ਨੇ ਛਿੰਦੋ ਸਿਰ ਦੋਸ਼ ਮੜ੍ਹੇ। ਛਿੰਦੋ ਦੇ ਆਪ ਦੇ ਵਿਹੜੇ ਦੇ ਧੀਰੇ ਨਾਲ ਸਬੰਧ ਸਨ। ਹਰਬੰਸ ਨੇ ਛਿੰਦੋ ਨੂੰ ਕਈ ਵਾਰ ਉਸ ਨਾਲ ਮੂੰਹ ਕਾਲਾ ਕਰਦਿਆਂ ਫੜਿਆ ਸੀ। ਇਸੇ ਲਈ ਛਿੰਦੋ ਨੂੰ ਹਰਬੰਸ ਨਾਲ ਚਿੜ ਸੀ।

*'ਜਵਾਬ ਦਿੰਦੀ ਛਿੰਦੋ ਦਾ ਕੀ ਹਾਲ ਹੋਇਆ ਹੋਵੇਗਾ ਨਿਹਾ ਇਹ ਮਹਿਸੂਸ ਕਰ ਸਕਦੀ ਸੀ।'*[16]

ਨਿਹਾ ਦੀ ਮਾਨਸਿਕ ਪੀੜਾ ਉਦੋਂ ਹੋਰ ਵੀ ਵੱਧ ਜਾਂਦੀ ਹੈ ਜਦ ਉਹ ਛਿੰਦੋ ਨੂੰ ਪੁੱਛੇ ਜਾਣ ਵਾਲੇ ਬੇਹੂਦਾ ਸਵਾਲਾਂ ਨੂੰ ਪੜ੍ਹਦੀ ਹੈ। ਉਸ ਨੂੰ ਅਦਾਲਤ **'ਕੌਰਵ ਸਭਾ'** ਵਰਗੀ ਜਾਪਦੀ ਹੈ। ਜਿਸ ਵਿਚ ਉਸ ਦਾ ਵੀ ਚੀਰ-ਹਰਣ ਹੋਣ ਵਾਲਾ ਸੀ। ਨਾਵਲ ਵਿਚ ਪੇਸ਼ ਇਹ ਗਰਭਿਤ-ਪਾਠ ਨਿਹਾ ਦੀ ਮਾਨਸਿਕ ਸਥਿਤੀ 'ਤੇ ਘਬਰਾਹਟ ਨੂੰ ਹੋਰ ਸਪੱਸ਼ਟਤਾ ਪ੍ਰਦਾਨ ਕਰਦਾ ਹੈ। ਰਾਮਨਾਥ ਨਿਹਾ ਦੀ ਹਾਲਤ ਦੇਖ ਕੇ ਆਪਣੇ ਆਪ ਤੋਂ ਅਤੇ ਵਕੀਲੀ ਪੇਸ਼ੇ ਤੋਂ ਘ੍ਰਿਣਾ ਕਰਨ ਲੱਗਦਾ ਹੈ। ਉਹ ਆਪਣੇ ਆਪ ਨੂੰ ਨਿਹਾ ਵਰਗੀ ਉਸ ਹਰ ਕੁੜੀ ਦਾ ਗੁਨਾਹਗਾਰ ਸਮਝਣ ਲੱਗ ਪੈਂਦਾ ਹੈ ਜਿਨ੍ਹਾਂ ਨੂੰ ਕਦੇ ਉਸ ਕਰਕੇ ਨਿਆਂ ਨਹੀਂ ਸੀ ਮਿਲ ਸੱਕਿਆ। ਆਪਣੇ ਘਰ ਦੀ ਕੁੜੀ ਨੂੰ ਉਹੀ ਪੀੜਾ ਭੋਗਦੇ ਵੇਖ ਉਹ ਹੋਰ ਕੁੜੀਆਂ ਦੇ ਦਰਦ ਨੂੰ ਸਮਝਣ ਦੇ ਸਮਰੱਥ ਹੋ ਸੱਕਿਆ। ਬਿਰਤਾਂਤਕਾਰ ਨਿਹਾ, ਛਿੰਦੋ 'ਤੇ ਸੁਰਤੀ ਵਰਗੀਆਂ ਕੁੜੀਆਂ ਰਾਹੀਂ ਮਰਦ ਪ੍ਰਧਾਨ ਸਮਾਜ ਵਿਚ ਨਾਰੀ ਦੀ ਸਥਿਤੀ ਨੂੰ ਪੇਸ਼ ਕਰਦਾ ਹੈ। ਉਹ ਨਾਰੀ ਜਿਹੜੀ ਮਰਦਾਂ ਦੀ ਵਧੀਕੀਆਂ ਦਾ ਸ਼ਿਕਾਰ ਹੈ 'ਤੇ ਜਿਹੜੀਆਂ ਜ਼ਿੰਦਗੀ ਦੇ ਹਰ ਇੱਕ ਪੜਾਅ ''ਤੇ ਇਨ੍ਹਾਂ ਵੱਲੋਂ ਦਿੱ'ਤੇ ਕਸ਼ਟਾਂ 'ਤੇ ਅਪਮਾਨ ਦਾ ਦਰਦ ਖਾਮੋਸ਼ੀ ਨਾਲ ਸਹਿੰਦੀਆਂ ਹਨ। ਬਿਰਤਾਂਤਕਾਰ ਇਨ੍ਹਾਂ ਦੋਹਾਂ ਕਿਰਦਾਰਾਂ ਰਾਹੀਂ ਸਮੁੱਚੀ ਨਾਰੀ ਜਾਤੀ ਦਾ ਦੁਖਾਂਤ ਪਾਠਕਾਂ ਸਾਹਮਣੇ ਪੇਸ਼ ਕਰਨ ਦਾ ਯਤਨ ਕਰਦਾ ਹੈ। ਉਸ ਨੂੰ ਆਪਣੇ ''ਤੇ ਅਤੇ ਕਾਨੂੰਨ ''ਤੇ ਖਿੱਝ ਆਉਂਦੀ ਹੈ। ਬਿਰਤਾਂਤਕਾਰ ਰਾਮਨਾਥ ਰਾਹੀਂ **ਵਿਚਾਰਧਾਰਕ ਟਿੱਪਣੀ** ਨੂੰ ਪੇਸ਼ ਕਰਦਿਆਂ ਸਮਾਜ ਵਿਚ ਫੈਲੇ ਖੋਖਲੇ ਸਿਸਟਮ ਨੂੰ ਨਵਾਂ ਰੂਪ ਦੇਣ ਅਤੇ ਸਮਾਜਿਕ ਤਬਦੀਲੀ ਲਿਆਉਣ ਲਈ ਚੇਤੰਨ ਰੂਪ ਵਿਚ ਜਤਨ ਕਰਦਾ ਹੈ। ਉਸ ਦੀ ਸਮਾਜ, ਸਿਸਟਮ ਪ੍ਰਤੀ 'ਤੇ ਕਾਨੂੰਨ ਪ੍ਰਤੀ ਸੋਚ ਵਿਚ ਵਿਦਰੋਹੀ ਅੰਸ਼ ਨਜ਼ਰ ਆਉਂਦੇ ਹਨ। ਬਿਰਤਾਂਤਕਾਰ ਨਾਵਲੀ-ਬਿਰਤਾਂਤ ''ਤੇ ਫੋਕਸ ਕਰਦਾ ਹੈ:

*'ਪਰ ਕਸੂਰ ਗਵਾਹਾਂ ਦਾ ਨਹੀਂ ਢਾਂਚੇ ਦਾ ਹੈ। ਵਿਗਿਆਨ ਚੰਦ ਦੀ ਹਿੱਕ ''ਤੇ ਪੈਰ ਰੱਖ ਕੇ ਮੰਗਲ ਗ੍ਰਹਿ ਤੱਕ ਪੁੱਜ ਗਿਆ ਹੈ। ਅਸੀਂ ਅਠਾਰਾਂ ਸੌ ਬਹੱਤਰ ਦੇ ਕਾਨੂੰਨ ਨੂੰ ਜੱਫਾ ਮਾਰੀ ਬੈਠੇ ਹਾਂ। ਹਰ ਜੁਰਮ ਨੂੰ ਸਾਬਤ ਕਰਨ ਲਈ ਚਸ਼ਮਦੀਦ ਗਵਾਹ ਚਾਹੀਦੇ ਹਨ। ਵਿਗਿਆਨਕ-ਜੁਗਤਾਂ ਅਸੀਂ ਨੇੜੇ ਨਹੀਂ ਢੁੱਕਣ ਦਿੰਦੇ। ਹਨੇਰੇ ਕਮਰਿਆਂ ਵਿਚ ਘੜੀਆਂ ਸਾਜਿਸ਼ਾਂ ਨੂੰ ਸੁਣਨ ਵਾਲੇ ਗਵਾਹ ਕਿੱਥੋਂ ਆਉਣਗੇ? ਕਾਨੂੰਨ ਦਾ ਢਿੱਡ ਭਰਨ ਲਈ ਝੂਠੇ ਗਵਾਹ ਖੜ੍ਹੇ ਕੀ'ਤੇ ਜਾਣਗੇ... ਇਸੇ ਬੇਇਨਸਾਫ਼ੀ ਵਿਰੁੱਧ ਸਾਡੀ ਲੜਾਈ ਹੈ।*[17]

....................................

*'ਜੇ ਅਸੀਂ ਇਸ ਢਾਂਚੇ ਨੂੰ ਬਦਲਣ ਲਈ ਲੜਾਂਗੇ ਤਾਂ ਜ਼ਰੂਰ ਕਿਸੇ ਦਿਨ ਬਦਲੇਗਾ। ਪਹਿਲਾਂ ਆਵਾਜ਼ ਇੱਕ ਮੁਕੱਦਮੇ ਵਿਚ ਉੱਠੇਗੀ। ਦੇਖੋ ਦੇਖੀ ਸਭ ਵਿਚ ਉੱਠਣ ਲੱਗੇਗੀ। ਇੱਕ ਦਿਨ ਇਹ ਆਵਾਜ਼ ਕਚਹਿਰੀ ਵਿਚੋਂ ਨਿਕਲ ਕੇ ਸੜਕਾਂ ''ਤੇ ਆ ਜਾਵੇਗੀ। ਸਰਕਾਰ ਦੇ ਕੰਨ ''ਤੇ ਜੂੰਅ ਸਰਕੇਗੀ। ਤਖ਼ਤ ਹਿੱਲਣਗੇ। ਨਵੇਂ ਕਾਨੂੰਨ ਬਣਨਗੇ।*[18]

ਅਦਾਲਤ ਵਿਚ ਮੁਕੱਦਮਾ ਸ਼ੁਰੂ ਹੁੰਦਾ ਹੈ। ਅਦਾਲਤ ਦਾ ਜੱਜ ਸਾਧੂ ਸਿੰਘ ਇੱਕ **ਸਹਾਇਕ ਪਾਤਰ** ਦੇ ਤੌਰ ''ਤੇ ਵੇਦ-ਪਰਿਵਾਰ ਦੀ ਸਹਾਇਤਾ ਕਰਦਾ ਹੈ। ਉਹ ਮੁਕੱਦਮੇ ਨੂੰ ਛੇਤੀ ਭੁਗਤਾਉਣਾ ਚਾਹੁੰਦਾ ਹੈ। ਨਾਵਲ ਦੇ ਇਸ ਪੜਾਅ ''ਤੇ ਜਿੱਥੇ ਪੰਕਜ ਹੋਰੀਂ ਆਪਣੇ ਆਪ ਨੂੰ ਬਚਾਉਣ ਲਈ ਹਰ ਤਰ੍ਹਾਂ ਦੇ ਹਥਕੰਡੇ ਅਪਣਾ ਰਹੇ ਸਨ ਉੱਥੇ ਵੇਦ-ਪਰਿਵਾਰ ਅਦਾਲਤ ਵਿਚ ਬਿਆਨ ਦੇਣ ਦੇ ਡਰ ਤੋਂ ਮਾਨਸਿਕ ਤਨਾਓ ਹੰਢਾਉਂਦੇ ਨਜ਼ਰ ਆਉਂਦਾ ਹੈ। ਪੰਕਜ ਹੋਰਾਂ ਦਾ ਵਕੀਲ ਕੇਸ ਨੂੰ ਲਟਕਾਉਣ ਲਈ ਸਾਧੂ ਸਿੰਘ ਨੂੰ ਅਦਾਲਤੀ ਕਾਰਵਾਈ ਵਿਚ ਰੁਕਾਵਟਾਂ ਪੈਦਾ ਕਰ ਪਰੇਸ਼ਾਨ ਕਰਦੇ ਹਨ। ਨਿਹਾ ਅਦਾਲਤ ਵਿਚ ਗਵਾਹੀ ਦੇਣ ਲਈ ਬੁਲਾਇਆ ਜਾਂਦਾ ਹੈ। ਨਿਹਾ ਮਾਨਸਿਕ ਤਨਾਓ 'ਤੇ ਪਰੇਸ਼ਾਨੀ ਤੋਂ ਗੁਜ਼ਰਦਿਆਂ ਵੀ ਮੁਲਜ਼ਮਾਂ ਦੀ ਪਛਾਣ ਕਰਦੀ ਹੈ। ਪਰ ਉਹ ਇਸ ਕੌਰਵ ਸਭਾ ਵਿਚ ਹੋਣ ਵਾਲੇ ਆਪਣੇ ਅਪਮਾਨ ਤੋਂ ਡਰ ਕੇ ਬਲਾਤਕਾਰ ਵਾਲੀ ਘਟਨਾ ਤੋਂ ਮੁਨੱਕਰ ਹੋ ਜਾਂਦੀ ਹੈ।

ਪੰਕਜ ਹੋਰਾਂ ਦੇ ਵਕੀਲ ਕੇਸ ਵਿਚ ਰੁਕਾਵਟਾਂ ਪੈਦਾ ਕਰਨ ਲਈ ਹਰ ਸੰਭਵ ਜਤਨ ਕਰਦੇ ਹਨ ਤਾਂ ਕਿ ਸਾਧੂ ਸਿੰਘ ਦੀ ਬਦਲੀ ਦਾ ਸਮਾਂ ਆ ਜਾਵੇ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਜੇਕਰ ਫੈਸਲਾ ਉਸ ਦੇ ਹੱਥੋਂ ਹੋਵੇਗਾ ਤਾਂ ਮੁਲਜ਼ਮਾਂ ਨੂੰ ਸਜ਼ਾ ਤੋਂ ਕੋਈ ਵੀ ਬਚਾ ਨਹੀਂ ਸਕੇਗਾ 'ਤੇ ਆਖ਼ਿਰਕਾਰ ਉਹ ਸਮਾਂ ਆ ਹੀ ਜਾਂਦਾ ਹੈ ਜਦ ਸਾਧੂ ਸਿੰਘ ਦੀ ਬਦਲੀ ਹੋ ਹੀ ਜਾਂਦੀ ਹੈ। ਉਹ ਦੁਖੀ ਤਾਂ ਹੁੰਦਾ ਹੈ ਪਰ ਵਧੇਰੇ ਸੰਤੁਸ਼ਟ ਨਜ਼ਰ ਆਉਂਦਾ ਹੈ ਕਿਉਂਕਿ ਆਪਣੀ ਨਿਯੁਕਤੀ ਦੇ ਆਖਰੀ ਮਿੰਟ ਤੱਕ ਉਹ ਕੇਸ ਨੂੰ ਸਿਰੇ ਚਾੜ੍ਹਨ ਦਾ ਯਤਨ ਕਰਦਾ ਰਹਿੰਦਾ ਹੈ। ਉਹ ਆਪਣੇ ਹੱਥੀਂ ਹੀ ਅਪਰਾਧੀਆਂ ਨੂੰ ਸਜ਼ਾ ਦੇਣਾ ਚਾਹੁੰਦਾ ਸੀ। ਬਿਰਤਾਂਤਕਾਰ ਇੱਥੇ **ਆਂਤਰਿਕ ਫੋਕਸੀਕਰਨ** ਦੀ ਜੁਗਤ ਰਾਹੀਂ ਸਾਧੂ ਸਿੰਘ ਰਾਹੀਂ ਉਸ ਫੈਸਲੇ ਨੂੰ ਪੇਸ਼ ਕਰਦਾ ਹੈ ਜਿਹੜਾ ਕਿ ਇੱਕ ਭ੍ਰਿਸ਼ਟਾਚਾਰ ਮੁਕਤ ਦੇਸ਼ ਵਿਚ ਦੋਸ਼ੀਆਂ ਨੂੰ ਉਨ੍ਹਾਂ ਦੇ ਕੀ'ਤੇ ਅਪਰਾਧ ''ਤੇ ਅਧਾਰਿਤ ਸਜ਼ਾ ਦੇ ਕੇ ਮੁਦੱਈਆਂ ਨਾਲ ਇਨਸਾਫ਼ ਕਰਨ ਨਾਲ ਸੰਬੰਧਿਤ ਹੈ। ਬਿਰਤਾਂਤਕਾਰ ਨਾਵਲੀ-ਬਿਰਤਾਂਤ ''ਤੇ ਫੋਕਸ ਕਰਦਾ ਹੈ:

*'ਕਾਨੂੰਨ ਦੀ ਕਸਵੱਟੀ 'ਤੇ ਸਬੂਤ ਖਰੇ ਉਤਰਨ ਜਾਂ ਨਾ ਪਰ ਸੱਚ ਉਹ ਸੀ ਜੋ ਗਵਾਹਾਂ ਨੇ ਬਿਆਨਿਆ ਸੀ। ਪੰਕਜ 'ਤੇ ਨੀਰਜ ਨੇ ਜਾਤੀ ਰੰਜਸ਼ ਕੱਢਣ ਲਈ ਇਹ ਸਾਜ਼ਿਸ਼ ਘੜੀ ਸੀ... ਕਿਸ ਨੇ ਕਿਹੜਾ ਜੁਰਮ ਕਿਸ ਨੀਅਤ ਨਾਲ ਕੀਤਾ ਸੀ। ਸਾਧੂ ਸਿੰਘ ਨੇ ਇਨ੍ਹਾਂ ਝੰਜਟਾਂ ਵਿਚ ਨਹੀਂ ਸੀ ਪੈਣਾ। ਉਸ ਨੇ*

*ਸਾਰੇ ਦੋਸ਼ੀਆਂ ''ਤੇ ਸਾਂਝੀ ਨੀਅਤ ਦਾ ਸਿਧਾਂਤ ਲਗਾ ਕੇ ਸਭ ਨੂੰ ਕਤਲ ਅਤੇ ਡਕੈਤੀ ਦਾ ਦੋਸ਼ੀ ਗਰਦਾਨ ਦੇਣਾ ਸੀ ਅਤੇ ਫਾਂਸੀ ਦੀ ਸਜ਼ਾ ਸੁਣਾ ਦੇਣਾ ਸੀ।*[19]

ਨਾਵਲੀ-ਕਥਾ ਦਾ ਆਖਰੀ ਕਾਂਡ ਅਹਿਮ ਭੂਮਿਕਾ ਨਿਭਾਉਂਦਾ ਹੈ। ਨੀਰਜ 'ਤੇ ਪੰਕਜ ਨੂੰ ਸ਼ੱਕ ਦੇ ਅਧਾਰ ''ਤੇ ਫਾਇਦਾ ਮਿਲ ਜਾਂਦਾ ਹੈ 'ਤੇ ਉਹ ਬਰੀ ਹੋ ਜਾਂਦੇ ਹਨ। ਉਹ ਪੈਸੇ ਦੇ ਦਮ ''ਤੇ ਜਿੱਤ ਜਾਂਦੇ ਹਨ। ਵੇਦ-ਪਰਿਵਾਰ ਦੇ ਨਾਲ ਨਾ-ਇਨਸਾਫ਼ੀ ਹੁੰਦੀ ਹੈ। ਬਿਰਤਾਂਤਕਾਰ ਇੱਥੇ ਜੱਜ ਸਾਧੂ ਸਿੰਘ (ਜਿਹੜਾ ਕਿ ਮੁਦਈਆਂ ਪ੍ਰਤੀ ਸਹਾਇਕ ਰੂਪ ਵਿਚ ਪੇਸ਼ ਹੁੰਦਾ ਹੈ) ਅਤੇ ਭਗਤ ਰਾਮ (ਸਾਧੂ ਸਿੰਘ ਦੀ ਥਾਂ ਆਇਆ ਨਵਾਂ ਜੱਜ 'ਤੇ ਵਿਰੋਧੀ ਪਾਤਰ ਦੇ ਰੂਪ ਵਿਚ ਪੇਸ਼ ਹੋਇਆ ਹੈ) ਦੇ ਫੈਸਲਿਆਂ ਵਿਚ ਅੰਤਰ ਥਾਪਦੇ ਹੋਏ ਸਮਾਜ ਵਿਚ ਕਾਰਜਸ਼ੀਲ ਭ੍ਰਿਸ਼ਟਾਚਾਰ ਅਧਾਰਿਤ ਨਿਆਂ ਪ੍ਰਣਾਲੀ ਦੇ ਅਸਲੀ ਰੂਪ ਨੂੰ ਪਾਠਕਾਂ ਸਾਹਮਣੇ ਲਿਆਉਂਦਾ ਹੈ। ਜੱਜ ਭਗਤ ਰਾਮ ਵੱਲੋਂ ਕੀਤਾ ਗਿਆ ਫੈਸਲਾ ਕਾਨੂੰਨੀ ਤਰਕਾਂ ''ਤੇ ਅਧਾਰਿਤ ਨਾ ਹੋ ਕੇ ਸਗੋਂ ਪੈਸੇ ਦੀ ਤਾਕਤ ''ਤੇ ਹੋਇਆ ਨਜ਼ਰ ਆਉਂਦਾ ਹੈ। ਨਿਹਾ ਨੂੰ ਫੈਸਲੇ ਦੇ ਅਰਥ ਸਮਝ ਨਹੀਂ ਆਉਂਦੇ। ਉਹ ਸੁੰਨ ਵੱਟਾ ਬਣ ਉੱਥੇ ਹੀ ਖੜੋਤੀ ਰਹਿੰਦੀ ਹੈ। ਨਿਹਾ ਦੀ ਦੁਵਿਧਾ ਨੂੰ ਤਾੜਦਿਆਂ ਸੋਸਾਇਟੀ ਦਾ ਮੁੱਖੀ ਸਥਿਤੀ ''ਤੇ ਵਿਅੰਗ ਕਰਦਾ ਹੈ ਕਿ 'ਮਜਰੂਬ ਹਸਪਤਾਲ ਵਿਚ ਪਏ ਹਨ। ਦੋਸ਼ੀ ਘਰ ਨੂੰ ਚੱਲੇ ਹਨ।' ਨਿਹਾ ਦਾ ਮਾਮਾ ਨਿਹਾ ਦਾ ਮਨ ਰੱਖਣ ਲਈ ਹੋਰ ਉੱਪਰ ਕੇਸ ਕਰਨ ਲਈ ਆਖਦਾ ਹੈ। ਇਹ ਜਾਣਦੇ ਹੋਏ ਵੀ ਕਿ ਉੱਪਰ ਵੀ ਇਹੋ ਸਭ ਹੀ ਹੋਣ ਵਾਲਾ ਹੈ। ਬਿਰਤਾਂਤਕਾਰ ਨੇ **ਨਾਵਲੀ-ਕਥਾ ਦਾ ਅੰਤ ਖੁੱਲਾ** ਰੱਖਦਿਆਂ ਬੇਝਿਜਕ ਹੋ ਕੇ ਸਮਾਜ ਵਿਚ ਫੈਲ ਰਹੇ ਭ੍ਰਿਸ਼ਟਾਚਾਰ ਦਾ ਵਿਰਾਟ ਰੂਪ ਪੇਸ਼ ਕੀਤਾ ਹੈ 'ਤੇ ਇਹ ਦੱਸਿਆ ਹੈ ਕਿ ਸਰਮਾਏਦਾਰੀ ਵਿਵਸਥਾ ਅਧੀਨ ਜਿੱਤ ਕੇਵਲ ਪੂੰਜੀਪਤੀਆਂ ਦੀ ਹੀ ਹੁੰਦੀ ਹੈ।

ਅ) **ਕੌਰਵ ਸਭਾ: ਬਿਰਤਾਂਤਕ ਅਰਥ-ਸੰਕੇਤ**

ਨਾਵਲੀ-ਬਿਰਤਾਂਤ ਵਿਚਲੀ ਬਿਰਤਾਂਤਕ ਅਰਥ ਸੰਕੇਤ ਦੀ ਪਹਿਲੀ ਇਕਾਈ ਵੇਦ-ਪਰਿਵਾਰ ਨਾਲ ਵਾਪਰੀ ਇੱਕ ਘਟਨਾ ਨਾਲ ਸੰਬੰਧਿਤ ਹੈ। ਇਹ ਘਟਨਾ ਨਾਵਲੀ-ਕਥਾ ਦਾ ਕੇਂਦਰੀ ਧੁਰਾ ਕਹੀ ਜਾ ਸਕਦੀ ਹੈ। ਜਿਸ ਨੂੰ ਬਿਰਤਾਂਤਕਾਰ ਨੇ ਨਾਵਲੀ-ਬਿਰਤਾਂਤ ਦੇ ਸ਼ੁਰੂਆਤੀ ਦੌਰ ਵਿਚ ਹੀ ਪੇਸ਼ ਕਰਕੇ ਤਨਾਓਗ੍ਰਸਤ ਸਥਿਤੀ ਦੀ ਉਸਾਰੀ ਕਰ ਦਿੱਤੀ ਸੀ। ਕੁਝ ਬੰਦਿਆਂ ਨੇ ਅੱਧੀ ਰਾਤੀਂ ਘਰ ਵਿਚ ਘੁੱਸ ਕੇ ਵੇਦ 'ਤੇ ਨੀਲਮ ਨੂੰ ਕੁੱਟਿਆ ਸੀ। ਉਨ੍ਹਾਂ ਦੀ ਕੁੜੀ ਨਿਹਾ ਦਾ ਬਲਾਤਕਾਰ 'ਤੇ ਪੁੱਤਰ ਦਾ ਕਤਲ ਕਰ ਦਿੱਤਾ ਸੀ। ਬਿਰਤਾਂਤਕਾਰ ਨਾਵਲ ਦੀ ਪਹਿਲੀ ਇਕਾਈ ਵਿਚ **ਮਠਾਰਨ ਦੀ ਜੁਗਤ** ਰਾਹੀਂ **ਤਨਾਓਗ੍ਰਸਤ ਸਥਿਤੀ** ਸਿਰਜਣ ਦਾ ਜਤਨ ਕਰਦਾ ਹੈ:

*'ਵਾਰਦਾਤ ਭਿਆਨਕ ਸੀ। ਇੱਕ ਕਤਲ ਹੋਇਆ ਸੀ। ਦੋ ਬੰਦਿਆਂ ਦੇ ਗੰਭੀਰ ਚੋਟਾਂ ਲੱਗੀਆਂ ਸਨ। ਲੜਕੀ ਦੀ ਇੱਜ਼ਤ ਲੁੱਟੀ ਗਈ ਸੀ। ਲੁੱਟੇ ਸਮਾਨ ਦੀ ਲਿਸਟ ਬਹੁਤ ਲੰਬੀ ਸੀ। ਮੁਲਜ਼ਮਾਂ ਬਾਰੇ ਕੋਈ ਸੁਰਾਗ ਨਹੀਂ ਸੀ ਲੱਭ ਰਿਹਾ। ਬਲਾਈਂਡ ਕੇਸ ਸੀ। ਮੁਕੱਦਮਾ ਦਰਜ ਕਰਨ ਵਿਚ ਮੁੱਖ ਅਫਸਰ ਨੂੰ ਦਿੱਕਤ ਪੇਸ਼ ਆਉਂਦੀ ਸੀ। ਪੱਤਰਕਾਰ ਇੱਲਾਂ ਵਾਂਗ ਮੰਡਰਾ ਰਹੇ ਸਨ। ਅਫ਼ਸਰ ਅਲੱਗ ਕੰਨ ਖਾ ਰਹੇ ਸਨ। ਮੁੱਖ ਮੰਤਰੀ ਤੱਕ ਨੂੰ ਸੂਚਨਾ ਜਾਣੀ ਸੀ।*[20]

ਨਾਵਲੀ-ਬਿਰਤਾਂਤ ਵਿਚਲੀ ਦੂਸਰੀ ਬਿਰਤਾਂਤਕ ਅਰਥ-ਸੰਕੇਤ ਇਕਾਈ ਨੀਲਮ ਦੇ ਭਰਾ ਰਾਮਨਾਥ ਨਾਲ ਸੰਬੰਧਿਤ ਹੈ। ਇਸ ਪਾਤਰ ਰਾਹੀਂ ਬਿਰਤਾਂਤਕਾਰ ਨੇ ਘਟਨਾ ਦੇ ਵਾਪਰਨ ਦੇ ਕਾਰਣ ਦੇ ਨਾਲ-ਨਾਲ ਘਟਨਾ ਨਾਲ ਸੰਬੰਧਿਤ ਲੋਕਾਂ ਦੀ ਬੀਤੀ ਜ਼ਿੰਦਗੀ ''ਤੇ ਝਾਤ ਪਾਉਣ ਦਾ ਜਤਨ ਕੀਤਾ ਹੈ। ਰਾਮਨਾਥ ਨੂੰ ਇਹ ਸ਼ੱਕ ਹੁੰਦਾ ਹੈ ਕਿ ਵੇਦ-

ਪਰਿਵਾਰ ਨਾਲ ਵਾਪਰੀ ਇਸ ਘਟਨਾ ਦਾ ਸਬੰਧ ਜ਼ਰੂਰ ਹੀ ਵੇਦ ਦੇ ਵੱਡੇ ਭਰਾ ਮੋਹਨ ਲਾਲ ਦੇ ਪੁੱਤਰ ਪੰਕਜ 'ਤੇ ਨੀਰਜ ਨਾਲ ਹੈ। ਬਿਰਤਾਂਤਕਾਰ ਇਸ ਇਕਾਈ ਅਧੀਨ ਵੇਦ ਦੇ ਆਪਣੇ ਵੱਡੇ ਭਰਾ ਦੇ ਪਰਿਵਾਰ ਨਾਲ ਸਬੰਧ, ਵੇਦ ਦੇ ਸ਼ਹਿਰ ਆਉਦ ਦਾ ਕਾਰਣ 'ਤੇ ਉਸ ਦੀ ਪਿਛਲੀ ਜ਼ਿੰਦਗੀ ਆਦਿ ''ਤੇ ਫੋਕਸ ਕਰਦਾ ਹੈ। ਵੇਦ ਆਪਣੇ ਭਰਾ ਮੋਹਨ ਲਾਲ ਦੇ ਕਾਰੋਬਾਰ ਨੂੰ ਸੰਭਾਲਣ 'ਤੇ ਉਸ ਦਾ ਹੱਥ ਵਟਾਉਣ ਲਈ ਸ਼ਹਿਰ ਆਉਂਦਾ ਹੈ। ਪਰ ਤਨਾਓ ਉਦੋਂ ਉਤਪੰਨ ਹੁੰਦਾ ਹੈ ਜਦੋਂ ਕਾਰੋਬਾਰ ਵਿਚ ਪਏ ਘਾਟੇ ਕਾਰਣ ਦੋਹਾਂ ਪਰਿਵਾਰਾਂ ਵਿਚਕਾਰ ਖਿੱਚਤਾਣ ਆਰੰਭ ਹੁੰਦੀ ਹੈ 'ਤੇ ਇਸ ਖਿੱਚਤਾਣ ਕਾਰਣ ਮੋਹਨ ਲਾਲ ਦੀ ਮੌਤ ਹੋ ਜਾਂਦੀ ਹੈ। ਮੋਹਨ ਲਾਲ ਦੀ ਮੌਤ ਹੀ ਨਾਵਲੀ-ਕਥਾ ਵਿਚਲੇ ਸਮੁੱਚੇ ਦੁਖਾਂਤ ਦਾ ਕਾਰਣ ਬਣ ਜਾਂਦੀ ਹੈ। ਮੋਹਨ ਲਾਲ ਦੇ ਪੁੱਤਰ ਪੰਕਜ 'ਤੇ ਨੀਰਜ ਵੇਦ-ਪਰਿਵਾਰ ਨੂੰ ਇਸ ਸਭ ਕਾਸੇ ਦੇ ਕਸੂਰਵਾਰ ਮੰਨ ਉਨ੍ਹਾਂ ਤੋਂ ਬਦਲਾ ਲੈਣ ਦੀ ਲੋਚਦੇ ਸਨ।

ਨਾਵਲੀ-ਬਿਰਤਾਂਤ ਵਿਚਲੀ ਤੀਸਰੀ ਬਿਰਤਾਂਤਕ ਅਰਥ-ਸੰਕੇਤ ਇਕਾਈ ਵਿਚ ਬਿਰਤਾਂਤਕਾਰ ਤਨਾਓ ਨੂੰ ਘਟਾਉਣਾ ਆਰੰਭ ਕਰ ਦਿੰਦਾ ਹੈ ਜਿਹੜਾ ਨਾਵਲੀ-ਬਿਰਤਾਂਤ ਦੇ ਪਹਿਲੇ ਕਾਂਡ ਤੋਂ ਗਤੀਸ਼ੀਲ ਹੋਇਆ ਨਜ਼ਰ ਆਉਂਦਾ ਹੈ। ਬਿਰਤਾਂਤਕਾਰ ਵੇਦ-ਪਰਿਵਾਰ ਦੇ ਨੌਕਰ ਰਾਹੀਂ ਰਾਮਨਾਥ ਦੇ ਸ਼ੱਕ ਨੂੰ ਸੱਚ ਵਿਚ ਤਬਦੀਲ ਕਰ ਦਿੰਦਾ ਹੈ। ਇਹ ਵਾਰਦਾਤ ਪੰਕਜ 'ਤੇ ਨੀਰਜ ਦੇ ਕਹਿਣ ''ਤੇ ਭਈਆਂ ਦਾ ਇੱਕ ਗਿਰੋਹ ਕਰਦਾ ਹੈ। ਪੰਕਜ ਹੋਰੀਂ ਆਪਣੇ ਬਚਾਓ ਲਈ ਸ਼ਹਿਰ ਦੇ ਵੱਡੇ ਅਫ਼ਸਰਾਂ 'ਤੇ ਅਧਿਕਾਰੀਆਂ ਤੀਕ ਪਹੁੰਚ ਕਰਦੇ ਹਨ। ਨਾਵਲੀ-ਬਿਰਤਾਂਤ ਵਿਚਲੀ ਇਹ ਇਕਾਈ ਉਨ੍ਹਾਂ ਵੱਲੋਂ ਆਪਣੇ ਬਚਾਓ ਲਈ ਕੀਤੀ ਗਈ ਹਰ ਸੰਭਵ ਕੋਸ਼ਿਸ਼ ਨਾਲ ਸੰਬੰਧਿਤ ਹੈ ਬਿਰਤਾਂਤਕਾਰ ਇਸੇ ਇਕਾਈ ਦੇ ਮਾਧਿਅਮ ਰਾਹੀਂ ਸਮਾਜ ਵਿਚ ਫੈਲੇ ਭ੍ਰਿਸ਼ਟਾਚਾਰ ਦੇ ਪੱਧਰ ਨੂੰ ਪਾਠਕਾਂ ਸਾਹਮਣੇ ਲਿਆਉਣ ਦਾ ਯਤਨ ਕਰਦਾ ਹੈ।

ਨਾਵਲੀ-ਬਿਰਤਾਂਤ ਵਿਚਲੀ ਚੌਥੀ ਬਿਰਤਾਂਤਕ ਅਰਥ-ਸੰਕੇਤ ਇਕਾਈ ਵੇਦ-ਪਰਿਵਾਰ ਨਾਲ ਸੰਬੰਧਿਤ ਹੈ। ਜਿਹੜਾ ਇਸ ਵਾਰਦਾਤ ਕਾਰਣ ਮਾਨਸਿਕ ਸੰਤਾਪ, ਸਰੀਰਕ ਕਸ਼ਟ, ਪੀੜਾ 'ਤੇ ਤਨਾਓ ਨੂੰ ਭੋਗਦਾ ਨਜ਼ਰ ਆਉਂਦਾ ਹੈ। ਵੇਦ 'ਤੇ ਨੀਲਮ ਨਾਵਲੀ-ਬਿਰਤਾਂਤ ਵਿਚ ਜਿੱਥੇ ਸਰੀਰਕ ਕਸ਼ਟ ਭੋਗਦੇ ਨਜ਼ਰ ਆਉਂਦੇ ਹਨ ਉੱਥੇ ਨਿਹਾ ਮਾਨਸਿਕ ਸੰਤਾਪ ਨੂੰ ਹੰਢਾਉਂਦੀ ਨਜ਼ਰ ਆਉਂਦੀ ਹੈ। ਜਿਸ ਕਰਕੇ ਉਹ ਕਈ ਵਾਰੀ ਆਤਮ ਹੱਤਿਆ ਕਰਨਾ ਵੀ ਲੋਚਦੀ ਹੈ। ਬਿਰਤਾਂਤਕਾਰ ਨਾਵਲੀ-ਬਿਰਤਾਂਤ ਵਿਚ ਨਿਹਾ ਦੀ ਤਰਸਯੋਗ ਸਥਿਤੀ ਨੂੰ ਪਾਠਕਾਂ ਸਾਹਮਣੇ ਲਿਆਉਣ ਦਾ ਜਤਨ ਕਰਦਾ ਹੈ:

ਕਿਸੇ ਨਾ ਕਿਸੇ ਤਰ੍ਹਾਂ ਨਿਹਾ ਦਿਨ ਕੱਟ ਲੈਂਦੀ ਸੀ। ਰਾਤ ਪੈਂਦੇ ਹੀ ਉਸ ਨੂੰ ਡਰ ਲੱਗਣ ਲੱਗਦਾ ਸੀ। ਕੋਠੀ ਦੀ ਹਰ ਨੁੱਕਰ ਵਿਚ ਉਸ ਨੂੰ ਕਾਲੇ ਕਲੋਟੇ, ਦੈਂਤਾਂ ਵਰਗੇ ਭਈਏ ਚੀਰ ਹਰਨ ਕਰਨ ਲਈ ਤਿਆਰੀ ਕਰਦੇ ਨਜ਼ਰ ਆਉਂਦੇ ਸਨ। ਕਦੇ ਉਹ ਪਰਛਾਵੇਂ ਭਈਏ ਬਣ ਜਾਂਦੇ ਹਨ ਅਤੇ ਕਦੇ ਪੰਕਜ 'ਤੇ ਨੀਰਜ। ਕਦੇ ਉਹ ਕਮਲ ਦੇ ਢਿੱਡ ਵਿਚ ਛੁਰਾ ਖੋਭਣ ਲੱਗਦੇ। ਕਦੇ ਨੀਲਮ ਦਾ ਸਿਰ ਤੋੜਨ ਲੱਗਦੇ।

*'ਅੱਖ ਲੱਗਦੇ ਹੀ ਨਿਹਾ ਨੂੰ ਭਿਆਨਕ ਸੁਪਨੇ ਆਉਣ ਲੱਗਦੇ ਸਨ। ਉਹ ਹੜਬੜਾ ਕੇ ਉੱਠ ਖੜਦੀ ਸੀ। ਮੁੜ ਘੰਟਾ ਘੰਟਾ ਉਸ ਨੂੰ ਡਰ ਲੱਗਦਾ ਰਹਿੰਦਾ ਸੀ। ਮੁੜ ਉਸ ਦੀ ਅੱਖ ਨਹੀਂ ਸੀ ਲੱਗਦੀ।*[21]

ਨਾਵਲੀ-ਬਿਰਤਾਂਤ ਵਿਚਲੀ ਪੰਜਵੀਂ ਬਿਰਤਾਂਤਕ ਅਰਥ-ਸੰਕੇਤਕ ਇਕਾਈ ਵੇਦ-ਪਰਿਵਾਰ ਵੱਲੋਂ ਅਦਾਲਤ ਵਿਚ ਚਲ ਰਹੇ ਮੁਕੱਦਮੇ ਅਤੇ ਉਸ ਵਿਚ ਹੋਏ ਫੈਸਲੇ ਨੂੰ ਪੇਸ਼ ਕਰਨ ਨਾਲ ਸੰਬੰਧਿਤ ਹੈ। ਵੇਦ-ਪਰਿਵਾਰ ਵੱਲੋਂ ਅਦਾਲਤ ਵਿਚ ਕੇਸ ਪਾਇਆ ਜਾਂਦਾ ਹੈ। ਬਿਰਤਾਂਤਕਾਰ ਨਾਵਲੀ-ਬਿਰਤਾਂਤ ਦੀ ਇਸ ਇਕਾਈ ਵਿਚ ਕੇਸ ਨਾਲ ਜੁੜੀ ਗਤੀਵਿਧੀਆਂ ''ਤੇ

ਵਧੇਰੇ ਫੋਕਸ ਕਰਦਾ ਹੈ। ਮੁਕੱਦਮੇ ਦਾ ਅੰਤ ਪੈਸੇ ਦੇ ਦਮ ''ਤੇ ਮੁਲਜ਼ਮਾਂ ਦੇ ਹੱਕ ਵਿਚ ਹੀ ਭੁਗਤਦਾ ਹੈ। ਮੁਦੱਈਆਂ ਨਾਲ ਨਾ-ਇਨਸਾਫ਼ੀ ਹੁੰਦੀ ਹੈ। ਬਿਰਤਾਂਤਕਾਰ ਦਾ ਨਾਵਲ ਲਿਖਣ ਦਾ ਮੁੱਖ ਮਕਸਦ ਇਸੇ ਇਕਾਈ ਵਿਚ ਹੀ ਉੱਭਰ ਕੇ ਸਾਹਮਣੇ ਆਉਂਦਾ ਹੈ। ਨਾਵਲੀ-ਬਿਰਤਾਂਤ ਵਿਚਲੀ ਇਹ ਇਕਾਈ ਵੀ ਪਹਿਲੀ ਇਕਾਈ ਵਾਂਗ ਹੀ ਬਹੁਤ ਅਹਿਮ ਹੈ ਕਿਉਂਕਿ ਬਿਰਤਾਂਤਕਾਰ ਇਸੇ ਇਕਾਈ ਵਿਚ ਹੀ ਸਮਾਜ ਵਿਚ ਵਿਚਰ ਰਹੇ ਸਿਸਟਮ ਦੇ ਅਸਲੀ ਚਿਹਰੇ ਨੂੰ ਪੇਸ਼ ਕਰਨ ਦੇ ਨਾਲ-ਨਾਲ ਭ੍ਰਿਸ਼ਟਾਚਾਰ ਦੇ ਸਿਖਰ ਨੂੰ ਵੀ ਚਿਤ੍ਰਿਤ ਕਰਦਾ ਹੈ। ਇਸ ਤਰ੍ਹਾਂ ਇਹ ਪੰਜੋਂ ਬਿਰਤਾਂਤਕ ਅਰਥ-ਸੰਕੇਤਕ ਇਕਾਈਆਂ ਆਪਸ 'ਚ ਮਿਲ ਕੇ ਅਰਥ-ਸਿਰਜਣ ਦੀ ਪ੍ਰਕ੍ਰਿਆ 'ਚ ਪੈਂਦੀਆਂ ਹਨ ਅਤੇ ਅੱਗੇ ਜਾ ਕੇ ਬਿਰਤਾਂਤਕ ਪ੍ਰਵਚਨ ਦੀ ਉਸਾਰੀ ਕਰਦੀਆਂ ਹਨ।

ੲ) **ਕੌਰਵ ਸਭਾ: ਬਿਰਤਾਂਤਕ ਪ੍ਰਵਚਨ**

'ਕੌਰਵ ਸਭਾ' ਨਾਵਲ ਵਿਚ ਬਿਰਤਾਂਤਕਾਰ ਮਿੱਤਰ ਸੈਨ ਮੀਤ ਨੇ ਬਿਰਤਾਂਤਕ-ਜੁਗਤਾਂ ਦੀ ਵਰਤੋਂ ਕਰਦਿਆਂ ਸਤਹੀ ਪੱਧਰ ''ਤੇ ਜਾਇਦਾਦ ਵੰਡ ਕਾਰਣ ਦੋ ਪਰਿਵਾਰਾਂ ਵਿਚਕਾਰ ਉਪਜੇ ਕਲੇਸ਼ ਅਤੇ ਕਲੇਸ਼ ਕਾਰਣ ਹੀ ਕੀ'ਤੇ ਗਏ ਅਪਰਾਧ ਨੂੰ ਪੇਸ਼ ਕਰਨ ਦਾ ਜਤਨ ਕੀਤਾ ਹੈ। ਬਿਰਤਾਂਤਕਾਰ ਮੂਲ ਸਮੱਸਿਆ ਨੂੰ ਪੇਸ਼ ਕਰਨ ਲਈ ਨਾਵਲੀ-ਬਿਰਤਾਂਤ ਨੂੰ ਪੰਜ ਅਰਥ ਸੰਕੇਤ ਇਕਾਈਆਂ ਅਧੀਨ ਸੰਗਠਿਤ ਕਰਦਾ ਹੈ। ਇਹ ਬਿਰਤਾਂਤਕ ਅਰਥ-ਸੰਕੇਤ ਇਕਾਈਆਂ ਸਮੁੱਚ ਵਿਚ ਜਿਹੜੇ ਪ੍ਰਵਚਨ ਦੀ ਸਿਰਜਣਾ ਕਰਦੀਆਂ ਹਨ, ਉਸ ਦਾ ਸਬੰਧ ਇੱਕ ਪਾਸੇ ਪੂੰਜੀਵਾਦੀ ਅਰਥ-ਵਿਵਸਥਾ ਅਧੀਨ ਸ਼ੋਸ਼ਿਤ ਹੁੰਦੀ ਆਮ ਜਨਤਾ ਦੀ ਤਰਸਯੋਗ ਸਥਿਤੀ ਨੂੰ ਪੇਸ਼ ਕਰਨ ਨਾਲ ਹੈ ਉੱਥੇ ਹੀ ਦੂਜੇ ਪਾਸੇ ਪੈਸਿਆਂ ਦੇ ਦਮ ''ਤੇ ਕਮਜ਼ੋਰ ਹੁੰਦੀ ਰਿਸ਼ਤਾ ਨਾਤਾ ਪ੍ਰਣਾਲੀ ਅਤੇ ਭ੍ਰਿਸ਼ਟਾਚਾਰ ਦੇ ਪੱਧਰ ਨੂੰ ਅੱਜ ਦੇ ਸੰਦਰਭਾਂ ਵਿਚ ਪ੍ਰਸਤੁਤ ਕਰਨ ਨਾਲ ਜੁੜਿਆ ਹੈ। ਬਿਰਤਾਂਤਕਾਰ ਨਾਵਲੀ-ਬਿਰਤਾਂਤ ਨੂੰ ਅਰਥਮਈ ਰੂਪ ਪ੍ਰਦਾਨ ਕਰਨ ਲਈ ਦ੍ਰਿਸ਼-ਵਰਣਨ, ਤਨਾਓਸ਼ੀਲ ਸਥਿਤੀ, ਪਿੱਛਲਝਾਤ, ਮਠਾਰਨ, ਅਸੰਤੁਲਨ, ਵਿਚਾਰਧਾਰਕ ਟਿੱਪਣੀਆਂ, ਸੰਵਾਦ, ਆਂਤਰਿਕ ਫੋਕਸੀਕਰਣ ਆਦਿ ਬਿਰਤਾਂਤਕ-ਜੁਗਤਾਂ ਦੀ ਵਰਤੋਂ ਵਧੇਰੇ ਕਰਦਾ ਹੈ। ਬਿਰਤਾਂਤਕਾਰ ਨੇ ਨਾਵਲ ਵਿਚ ਪਾਤਰਾਂ ਦੀ ਥਾਵੇਂ ਸਿਸਟਮ ਨੂੰ ਕੇਂਦਰ ਵਿਚ ਰੱਖਿਆ ਹੈ। ਉਹ ਸਿਸਟਮ ਦੀਆਂ ਅੰਦਰਲੀਆਂ ਪਰਤਾਂ ਨੂੰ ਖੋਲਣ ਲਈ ਹੀ ਇਸ ਨਾਵਲ ਦੀ ਸਿਰਜਣਾ ਕਰਦਾ ਹੈ। ਇਹੋ ਕਾਰਣ ਹੈ ਕਿ ਨਾਵਲ ਦਾ ਪਾਤਰ ਜਗਤ ਵੀ ਕਾਫ਼ੀ ਵਿਸਤ੍ਰਿਤ 'ਤੇ ਬਹੁਪਾਸਾਰੀ ਹੈ। ਬਿਰਤਾਂਤਕਾਰ ਨੇ ਬਿਰਤਾਂਤਕ ਸੰਗਠਨ ਦੀ ਉਸਾਰੀ ਲਈ ਸ਼ਹਿਰੀ, ਮੱਧਵਰਗੀ ਅਤੇ ਨਿਮਨ ਸ਼੍ਰੇਣੀ ਆਦਿ ਨਾਲ ਸੰਬੰਧਿਤ ਪਾਤਰਾਂ ਦੀ ਚੋਣ ਕੀਤੀ ਹੈ। ਬਿਰਤਾਂਤਕ-ਪ੍ਰਵਚਨ ਦਾ ਵੱਡਾ ਹਿੱਸਾ ਨਵ-ਪੂੰਜੀਵਾਦੀ ਅਰਥ-ਪ੍ਰਬੰਧ ਵਿਚ ਵਿਚਰ ਰਹੀ ਸ਼ਹਿਰੀ ਮੱਧ ਸ਼੍ਰੇਣੀ ਦੇ ਪਾਤਰਾਂ ਨਾਲ ਸੰਬੰਧਿਤ ਹੈ। ਨਾਵਲ ਵਿਚਲੇ ਵਧੇਰੇ ਪਾਤਰ ਦੋਹਰੇ ਚਰਿੱਤਰ ਦੇ ਧਾਰਨੀ ਹਨ ਫਿਰ ਉਹ ਰਾਮਨਾਥ ਹੋਵੇ ਭਾਵੇਂ ਨੰਦ ਲਾਲ। ਅਤਿ ਦਰਜੇ ਦਾ ਸ਼ਰੀਫ਼ ਦਿਖਾਈ ਦੇਣ ਵਾਲਾ ਪਾਤਰ ਵੀ ਆਂਤਰਿਕ ਧਰਾਤਲ ''ਤੇ ਬੇਈਮਾਨ, ਸਵਾਰਥੀ, ਗੁੰਝਲਦਾਰ ਆਦਿ ਗੁਣਾਂ ਦਾ ਧਾਰਨੀ ਹੋ ਨਿੱਬੜਦਾ ਹੈ। ਇਨ੍ਹਾਂ ਪਾਤਰਾਂ ਦਾ ਕਿਰਦਾਰ ਇੱਕ ਸਥਿਤੀ ਤੋਂ ਦੂਜੀ ਤੱਕ ਅੱਪੜਦਿਆਂ ਹੀ ਰੂਪਾਂਤਰਿਤ ਹੋ ਜਾਂਦਾ ਹੈ। ਬਿਰਤਾਂਤਕਾਰ ਮਿੱਤਰ ਸੈਨ ਮੀਤ ਦਾ ਇਹ ਨਾਵਲ ਇੱਕ ਵੱਡ-ਆਕਾਰੀ ਸੰਰਚਨਾ ਵਜੋਂ ਮੰਨਿਆ ਜਾ ਸਕਦਾ ਹੈ ਜਿਸ ਵਿਚਲਾ ਥੀਮਿਕ-ਪਾਸਾਰ ਇੱਕ ਤੋਂ ਵੱਧ ਮਸਲਿਆਂ ਨਾਲ ਸੰਬੰਧਿਤ ਹੈ ਜਿਵੇਂ-ਭ੍ਰਿਸ਼ਟਾਚਾਰ ਦੀ ਪੇਸ਼ਕਾਰੀ, ਨਾਰੀ ਸਥਿਤੀ ਦਾ ਪ੍ਰਸਤੁਤੀਕਰਨ, ਬੁਰਜੂਆ ਸਮਾਜ ਵਿਚ ਪ੍ਰਭਾਵਿਤ ਰਿਸ਼ਤਾ ਨਾਤਾ ਪ੍ਰਣਾਲੀ, ਪੰਜਾਬ ਵਿਚ ਭਈਆਵਾਦ ਕਾਰਣ ਉਪਜੀਆਂ ਸਮੱਸਿਆਵਾਂ ਆਦਿ ''ਤੇ ਫੋਕਸੀਕਰਨ ਆਦਿ। ਬਿਰਤਾਂਤਕਾਰ ਦਾ ਇਸ ਨਾਵਲ ਨੂੰ ਸਿਰਜਣ ਪਿੱਛੇ ਮੁੱਖ ਮਕਸਦ ਉਨ੍ਹਾਂ ਭ੍ਰਿਤਕ-ਮਿੱਥਾਂ ਨੂੰ ਨੰਗਾ ਕਰਨਾ ਹੈ ਜਿਹੜੀਆਂ ਆਮ ਜਨਤਾ ਨੂੰ

ਭਰਮਾਉਣ ਲਈ ਬੁਰਜੂਆ ਜਮਾਤ ਵੱਲੋਂ ਸਿਰਜੀਆਂ ਜਾਂਦੀਆਂ ਹਨ। ਬਿਰਤਾਂਤਕਾਰ ਆਮ ਜਨਤਾ ਨੂੰ ਇਸ ਪੱਖੋਂ ਚੇਤੰਨ ਕਰਦਿਆਂ ਸਮਾਜਕ ਤਬਦੀਲੀ ਲਿਆਉਣਾ ਚਾਹੁੰਦਾ ਹੈ 'ਤੇ ਅਜਿਹਾ ਕਰਨ ਵਿਚ ਉਹ ਕਾਫ਼ੀ ਹੱਦ ਤੱਕ ਕਾਮਯਾਬ ਹੋਇਆ ਵੀ ਪ੍ਰਤੀਤ ਹੁੰਦਾ ਹੈ।

---

**ਹਵਾਲੇ ਅਤੇ ਟਿੱਪਣੀਆਂ:**


1. ਡਾ.ਰਮਿੰਦਰ ਕੌਰ, 'ਮਿੱਤਰ ਸੈਨ ਮੀਤ ਦੀ ਨਾਵਲਕਾਰੀ' **ਨਾਵਲਕਾਰ ਮਿੱਤਰ ਸੈਨ ਮੀਤ: ਸੰਵਾਦ ਦਰ ਸੰਵਾਦ**, ਡਾ.ਐਸ. ਤਰਸੇਮ (ਸੰਪਾ.), ਪੰਨਾ 46
2. ਮਿੱਤਰ ਸੈਨ ਮੀਤ, **ਕੌਰਵ ਸਭਾ,** ਪੰਨਾ 9
3. ਉਹੀ, ਪੰਨਾ 10
4. Tzvetan Todorov, **Introduction to Poetics**, P. 31
5. ਮਿੱਤਰ ਸੈਨ ਮੀਤ, **ਕੌਰਵ ਸਭਾ**, ਪੰਨਾ 19
6. ਉਹੀ, ਪੰਨੇ 22-23
7. ਉਹੀ, ਪੰਨਾ 33
8. ਉਹੀ, ਪੰਨਾ 29
9. ਉਹੀ, ਪੰਨੇ 53-55
10. ਉਹੀ, ਪੰਨਾ 123
11. ਉਹੀ, ਪੰਨਾ 116
12. ਉਹੀ, ਪੰਨਾ 213
13. ਉਹੀ, ਪੰਨੇ 278-279
14. ਉਹੀ, ਪੰਨਾ 299
15. Mieke Bal, **Narratology: Introduction to the Theory of Narrative**, PP. 142-143
16. ਮਿੱਤਰ ਸੈਨ ਮੀਤ, **ਕੌਰਵ ਸਭਾ**, ਪੰਨੇ 300-301
17. ਉਹੀ, ਪੰਨੇ 305-306
18. ਉਹੀ, ਪੰਨਾ 306
19. ਉਹੀ, ਪੰਨਾ 353
20. ਉਹੀ, ਪੰਨਾ 23
21. ਉਹੀ, ਪੰਨੇ 234-235